# ਸਮਤਾ

ਜੁਲਾਈ 1985 (ਅੰਕ 62)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਜਾਤੀ ਲਾਇਬ੍ਰੇਰੀ ਵਿੱਚੋਂ।

ਜੁਲਾਈ 1985
ਮੁੱਲ—ਦੋ ਰੁਪਏ
62

## ਏਸ ਅੰਕ ਵਿਚ

○ ਸੰਪਾਦਕੀ : **ਮੇਰੇ ਦੇਸ਼**, 38 ਸਾਲ ਪਹਿਲੇ ਵੀ ਅਸੀਂ ਸੌ ਵਿਚੋਂ ਸੱਠ ਭੁੱਖਮਰੀ ਦੀ ਪੱਧਰ ਥੱਲੇ ਜੀਉਂਦੇ ਸਾਂ ਤੇ ਅੱਜ ਵੀ ਸੌ ਵਿਚੋਂ ਸੱਠ ਭੁੱਖਮਰੀ ਦੀ ਪੱਧਰ ਥੱਲੇ ਜੀਉ ਰਹੇ ਹਾਂ/ਜਦੋਂ ਤੂੰ ਬਦੇਸ਼ੀਆਂ ਦੀ ਜਕੜ ਤੋਂ ਆਜ਼ਾਦ ਹੋਇਆ ਸੀ ਤਾਂ ਅਸੀਂ ਤੇਰੇ ਸਾਧਾਰਨ ਧੀਆਂ ਪੁੱਤਰ ਇਹ ਉਮੀਦ ਕਰਦੇ ਸਾਂ ਕਿ ਤੇਰੇ ਖ਼ੁਸ਼ਹਾਲੀ ਵੱਲ ਕਦਮ ਵਧਣਗੇ, ਪਰ ਅੱਜ ਇਹਨਾਂ ਉਮੀਦਾਂ ਤੇ ਪੂਰੀ ਤਰ੍ਹਾਂ ਪਾਣੀ ਫਿਰ ਗਿਆ ਏ/ਸਾਡੀ ਸਹਿਨਸ਼ੀਲਤਾ ਤੋਂ ਫ਼ਾਇਦਾ ਉਠਾ ਕੇ ਇਕ ਮੱਕਾਰ ਹਕੂਮਤ ਸਾਡੇ ਤੇ ਰਾਜ ਕਰ ਰਹੀ ਏ/ਬੜੇ ਸੌਖੇ ਤਰੀਕੇ ਨਾਲ ਸਾਨੂੰ ਆਪਸ ਵਿਚ ਲੜਾਉਂਦੇ ਨੇ, ਹਿੰਦੂ-ਮੁਸਲਮਾਨਾਂ ਨੂੰ ਇਕ ਦੂਜੇ ਦੇ ਗਲ ਪਵਾਉਂਦੇ ਨੇ, ਕਦੀ ਹਿੰਦੂ ਸਿਖ਼ ਲੜਾ ਦੇਂਦੇ ਨੇ ਤੇ ਉਹਦਾ ਫ਼ਾਇਦਾ ਉਠਾ ਕੇ ਗੱਦੀ ਤੇ ਆਪਣੀ ਜਕੜ ਪੱਕੀ ਕਰ ਲੈਂਦੇ ਨੇ, ਅਸੀਂ ਤੇਰੇ ਬੜੇ ਹੀ ਬੁੱਧੂ ਧੀਆਂ ਪੁੱਤਰ ਹਾਂ ।

○ ਨਾਟਕ/ਗੁਰਸ਼ਰਨ ਸਿੰਘ/**ਭੰਡ ਕਨੇਡਾ ਆਏ** : ਜਜਮਾਨੋ, ਸਾਨੂੰ ਭੰਡ ਕਹਿੰਦੇ ਹਨ, ਲੋਕ ਸਾਨੂੰ ਬੁਲਾਉਂਦੇ ਨੇ, ਅਸੀਂ ਉਹਨਾਂ ਦਾ ਦਿਲ-ਖੁਸ਼ ਕਰਦੇ ਹਾਂ, ਪਰ ਸਾਡੀ ਰਵਾਇਤ ਹੈ ਕਿ ਅਸੀਂ ਦਿਲ ਖ਼ੁਸ਼ ਕਰਨ ਦੇ ਨਾਲ ਨਾਲ ਉਹਨਾਂ ਦੀ ਅਸਲੀਅਤ ਵੀ ਉਹਨਾਂ ਦੇ ਸਾਹਮਣੇ ਰੱਖਦੇ ਹਾਂ—ਇਹ ਸਾਡੇ ਬਜ਼ੁਰਗ ਸਨ, ਜਿਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ 'ਚ ਉਹਨੂੰ ਕਿਹਾ ਸੀ ਕਿ ਤੇਰੀ ਅੱਖ ਵੀ ਕਾਣੀ ਏ ਤੇ ਤੇਰਾ ਇਨਸਾਫ਼ ਵੀ ਕਾਣਾ, ਉਹਦੇ ਇਕ ਅਹਿਲਕਾਰ ਨੇ ਕਿਸੇ ਵਿਧਵਾ ਦੀ ਧੀ ਨਾਲ ਜ਼ਿਆਦਤੀ ਕੀਤੀ ਸੀ, ਉਸਦੇ ਵਿਰੁੱਧ ਕੋਈ ਨਹੀਂ ਸੀ ਬੋਲਦਾ । ਸਾਡੇ ਬਜ਼ੁਰਗ ਬੋਲੇ ਤੇ ਉਸ ਔਰਤ ਨੂੰ ਇਨਸਾਫ਼ ਲੈ ਕੇ ਦਿੱਤਾ । ਉਹ ਪੁਰਾਣੇ ਸਮੇਂ ਸਨ, ਜਦੋਂ ਰਾਜੇ ਇਨਸਾਫ਼ ਕਰਨਾ ਜਾਣਦੇ ਸਨ, ਪਰ ਅੱਜ ਜੇ ਕੋਈ ਵਜ਼ੀਰ ਕਿਸੇ ਗ਼ਰੀਬ ਨਾਲ ਜ਼ਿਆਦਤੀ ਕਰ ਜਾਏ ਤਾਂ ਉਹਨੂੰ ਸਜ਼ਾ ਨਹੀਂ ਮਿਲਦੀ ਸਗੋਂ ਉਹ ਵਜ਼ੀਰ ਤੋਂ ਵੱਡਾ ਵਜ਼ੀਰ ਬਣ ਜਾਂਦਾ ਹੈ ।

○ ਕਹਾਣੀ/ਖ਼ਵਾਜਾ ਅਹਿਮਦ ਅੱਬਾਸ/**ਪੰਜ ਘੜਿਆਂ ਦਾ ਤਾਜ ਮਹਲ** : ਲੋਕ ਮੈਨੂੰ ਪਾਗਲ ਕਹਿੰਦੇ ਹਨ, ਕਿਉਂਕਿ ਮੈਂ ਪੰਜ ਰੁਪਿਆਂ ਵਿਚ ਪੰਜ ਘੜਿਆਂ ਦਾ ਤਾਜ ਮਹੱਲ ਬਣਾਇਆ ਸੀ, ਪਰ ਕੋਈ ਸ਼ਾਹਜਹਾਨ ਨੂੰ ਪਾਗਲ ਨਹੀਂ ਕਹਿੰਦਾ, ਜਿਸ ਨੇ ਲੱਖਾਂ ਰੁਪਿਆ ਖਰਚ ਕਰਕੇ ਹਜ਼ਾਰਾਂ ਗ਼ੁਲਾਮਾਂ ਦੀ ਮਿਹਨਤ ਨਾਲ ਤਾਜ ਮਹੱਲ ਬਣਾਇਆ ਸੀ ...

○ ਕਹਾਣੀ/ਹਰਬੰਸ/**ਬੁਰੀ ਹੋਈ ਜ਼ੀਤੂ ਨਾਲ** : ਦਾਜ ਦੇ ਲਾਲਚੀਆਂ ਦੇ ਕੋਝ ਨੂੰ ਨੰਗਾ ਕਰਦੀ ਕਥਾ ।

○ ਕਵਿਤਾਵਾਂ : ਸਾਨੂੰ ਜਵਾਬ ਦਿਓ/ਭਾਸਕਰ ਯਾਦਵ/ਅਨੁ. ਜਗਦੀਸ਼ ○ ਇਕ ਮੁਲਕ—ਅਲਸਲਵਾਦੋਰ ਤੇ ਨੌਜਵਾਨ ਕ੍ਰਾਂਤੀਕਾਰੀ ਕਵੀ ਰੌਕੇਦਾਲਤੋਨ ਦੀ ਕਵਿਤਾ : ਅਖਬਾਰ ਵਿਚ ਛਪੀ ਇਕ ਬੁਰੀ ਖ਼ਬਰ/ਅਨੁ. ਸੁਰਿੰਦਰ ਰਾਮਪੁਰੀ ਲੋਕਤਾ ਦੇ ਨਾਂ/ਅਸੀਂ ਤੁਰਨਾ ਹੈ/ਗੁਰਜੀਤ

○ ਪਾਠਕ ਲੇਖਕ ਫੋਰਮ : 1 ਮਾਰਕਸੀ ਵਿਚਾਰ ਮੰਚ, ਪਟਿਆਲਾ ਵਲੋਂ ਮਈ 85 ਦੇ ਅੰਕ ਵਿਚ ਕਰਮ ਬਰੱਸਟ ਦੇ ਲੇਖ ਅਤੇ ਕਮਿਊਨਿਸਟ ਇਨਕਲਾਬੀਆਂ ਬਾਰੇ ਛਪੇ ਲੇਖ ਦੇ ਸੰਦਰਭ ਵਿਚ । ○ 2. ਇਕ ਚਿੱਠੀ ਹਰਿੰਦਰ ਸਿੰਘ ਵਲੋਂ ਸੰਤ ਭਿੰਡਰਾਂਵਾਲੇ ਦੇ ਚੇਲਿਆਂ ਵਲੋਂ ਛਪੀ ਚਿੱਠੀ ਦੇ ਜਵਾਬ ਵਿੱਚ । ○ 3. ਗਿੱਲ ਭਰਾਵਾਂ ਦੀ ਚਿੱਠੀ ਬਾਰੇ ਗੁਰਨਾਮ ਸਿੰਘ ਦਾ ਪ੍ਰਤੀਕਰਮ । ○ 4. ਇੰਗਲੈਂਡ ਤੋਂ ਇਕ ਚਿੱਠੀ : ਗਿੱਲ ਭਰਾਵਾਂ ਦੇ ਨਾਂ/ਅਜਮੇਰ ਕਵੈਂਟਰੀ ।

○ **ਜਗਮੋਹਣ ਜੋਸ਼ੀ ਦੀ ਛੇਵੀਂ ਬਰਸੀ ਤੇ** ਹਮ ਜੰਗ-ਏ-ਆਵਾਮੀ ਸੇ ਕੁਹਰਾਮ ਮਚਾ ਦੇਂਗੇ/ਪੇਸ਼ਕਸ਼ ਬਿਹਾਰੀ ਲਾਲ

○ **ਇਕ ਰੀਪੋਰਟ—ਮਨੁੱਖੀ ਹੱਕਾਂ ਤੇ ਛਾਪਾ**

# ਐ, ਮੇਰੇ ਦੇਸ਼

**ਮੇਰੇ ਦੇਸ਼**, ਅਸੀਂ ਤੇਰੇ ਬੜੇ ਹੀ ਸਾਊ ਧੀਆਂ ਪੁੱਤ ਹਾਂ । ਸਾਡੇ ਵਿਚ ਅੰਤਾਂ ਦੀ ਸਹਿਨਸ਼ਕਤੀ ਏ । ਇਸਦਾ ਫਾਇਦਾ ਉਠਾ ਕੇ ਇਕ ਬੜੀ ਹੀ ਮਕਾਰ ਹਕੂਮਤ ਸਾਡੇ ਤੇ ਰਾਜ ਕਰ ਰਹੀ ਏ । 38 ਸਾਲ ਪਹਿਲਾਂ ਜਦੋਂ ਤੂੰ ਬਦੇਸ਼ੀਆਂ ਦੀ ਜੱਕੜ ਤੋਂ ਆਜ਼ਾਦ ਹੋਇਆ ਸੀ ਤਾਂ ਅਸੀਂ ਤੇਰੇ ਸਾਧਾਰਨ ਧੀਆਂ ਪੁੱਤ ਇਹ ਉਮੀਦ ਕਰਦੇ ਸਾਂ ਕਿ ਤੇਰੇ ਖੁਸ਼ਹਾਲੀ ਵੱਲ ਕਦਮ ਵੱਧਣਗੇ, ਪਰ ਅੱਜ ਇਹਨਾਂ ਉਮੀਦਾਂ ਤੇ ਪੂਰੀ ਤਰ੍ਹਾਂ ਪਾਣੀ ਫਿਰ ਗਿਆ ਏ ।

**ਮੇਰੇ ਦੇਸ਼**, ਤੇਰੀ ਧਰਤੀ ਤੇ ਵੱਡੇ ਵੱਡੇ ਕਾਰਖਾਨੇ ਬਣੇ, ਦਰਿਆਵਾਂ ਤੇ ਭਾਖੜੇ ਵਰਗੇ ਡੈਮ ਬਣੇ, ਬਿਜਲੀ ਘਰ ਬਣੇ । ਹਰੇ ਤੇ ਚਿੱਟੇ ਇਨਕਲਾਬ ਆਏ, ਪਰ ਸਾਡੀ ਹਾਲਤ ਨਾ ਬਦਲੀ । 38 ਸਾਲ ਪਹਿਲੇ ਵੀ ਅਸੀਂ ਸੌ ਵਿਚੋਂ ਸੱਠ ਭੁਖਮਰੀ ਥੱਲੇ ਜੀਂਦੇ ਸਾਂ ਤੇ ਹੁਣ ਵੀ ਸਾਡੇ ਸੌ ਵਿਚੋਂ ਸੱਠ ਭੁੱਖਮਰੀ ਪੱਧਰ ਥਲੇ ਜੀਂਦੇ ਨੇ । ਉਸ ਵੇਲੇ ਅਸੀਂ 45 ਕ੍ਰੋੜ ਸਾਂ ਤੇ ਭੁੱਖੇ ਮਰਦੇ ਲੋਕਾਂ ਦੀ ਗਿਣਤੀ 27 ਕ੍ਰੋੜ ਸਾਂ । ਹੁਣ ਅਸੀਂ 70 ਕ੍ਰੋੜ ਹਾਂ ਤੇ ਸਾਡੇ ਵਿਚੋਂ 42 ਕ੍ਰੋੜ ਭੁੱਖੇ ਨੇ । ਇਹ ਤੇਰੇ ਮਾਹਿਰਾਂ ਦੇ ਅੰਕੜੇ ਨੇ । ਸਾਨੂੰ ਪਤਾ ਹੀ ਨਹੀਂ ਲਗਦੈ । ਅਸੀਂ ਤੇਰੇ ਬੜੇ ਹੀ ਸਾਊ ਧੀਆਂ ਪੁੱਤ ਹਾਂ । ਸਾਨੂੰ ਕੁਝ ਨਹੀਂ ਪਤਾ ਲਗਦੈ । ਇਸੇ ਲਈ ਜਿਹੜੇ ਗੱਦੀਆਂ ਉਤੇ ਬੈਠੇ ਹੋਏ ਨੇ, ਉਹ ਸਾਨੂੰ ਭਰਮਾ ਲੈਂਦੇ ਨੇ ।

**ਮੇਰੇ ਦੇਸ਼**, ਉਹ ਸਾਨੂੰ ਭਰਮਾਉਂਦੇ ਹੀ ਨਹੀਂ, ਸਗੋਂ ਸਾਨੂੰ ਬੜੇ ਸੌਖੇ ਆਪਸ ਵਿਚ ਲੜਾ ਵੀ ਲੈਂਦੇ ਨੇ । ਉਹਨਾਂ ਦੀਆਂ ਆਪਣੀਆਂ ਅਖਬਾਰਾਂ ਨੇ, ਰੇਡੀਉ ਏ, ਟੈਲੀਵੀਯਨ ਏ । ਕਦੀ ਉਹ ਆਸਾਮੀਆਂ ਨੂੰ ਬੰਗਾਲੀਆਂ ਦੇ ਖਿਲਾਫ ਕਰ ਦੇਂਦੇ ਨੇ, ਕਦੀ ਹਿੰਦੂ ਮੁਸਲਮਾਨਾਂ ਨੂੰ ਇਕ ਦੂਜੇ ਦੇ ਗਲ ਪਵਾ ਦੇਂਦੇ ਨੇ, ਕਦੀ ਨੀਵੀਆਂ ਜ਼ਾਤਾਂ ਤੇ ਉਚੀਆਂ ਜ਼ਾਤਾਂ ਵਿਚ ਫਰਕ ਪਾ ਦੇਂਦੇ ਨੇ । ਕਦੀ ਹਿੰਦੂ ਸਿੱਖ ਲੜਾ ਸਕਦੇ ਨੇ । ਉਹਦਾ ਫਾਇਦਾ ਉਠਾਕੇ ਉਹ ਗੱਦੀ ਤੇ ਆਪਣੀ ਜੱਕੜ ਪੱਕੀ ਕਰ ਲੈਂਦੇ ਨੇ । ਅਸੀਂ ਤੇਰੇ ਬੜੇ ਹੀ ਬੁੱਧੂ ਧੀਆਂ ਪੁੱਤਰ ਹਾਂ ।

**ਮੇਰੇ ਦੇਸ਼**, ਅਸੀਂ ਬੜੇ ਹੀ ਬੁੱਧੂ ਹਾਂ, ਇਸੇ ਲਈ ਜਦੋਂ ਆਸਾਮ ਤੇ ਫੌਜ ਚੜ੍ਹਾਈ ਹੋਈ ਸੀ ਤਾਂ ਬਾਕੀ ਤੇਰੀ ਧਰਤੀ ਦੇ ਲੋਕਾਂ ਨੇ ਕੋਈ ਫ਼ਿਕਰ ਜ਼ਾਹਰ ਨਹੀਂ ਸੀ ਕੀਤਾ । ਉਹਨਾਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਜੇਕਰ ਅੱਜ ਆਸਾਮ ਨੂੰ ਫੌਜੀ ਬੂਟਾਂ ਨੇ ਕੁਚਲਿਆ ਏ ਤਾਂ ਕੱਲ੍ਹ ਇਹ ਬੂਟ ਪੰਜਾਬ ਦੀ ਇਜ਼ਤ ਨੂੰ ਵੀ ਪੈਰਾਂ ਥੱਲੇ ਲਿਤਾੜਨਗੇ । ਹੁਣ ਫੌਜੀ ਬੂਟ ਜੰਮੂ ਕਸ਼ਮੀਰ ਵਿਚ ਵੀ ਨੇ, ਪੰਜਾਬ ਵਿਚ ਵੀ ਨੇ । ਆਸਾਮ ਵਿਚ ਵੀ ਨੇ, ਮੀਜ਼ੋਰਮ ਵਿਚ ਵੀ ਨੇ ਤੇ ਨਾਗਾਲੈਂਡ ਵਿਚ ਵੀ ਤੇ ਥੋੜੀ ਦੇਰ ਬਾਅਦ ਤੇਰੀ ਸਾਰੀ ਧਰਤੀ ਨੂੰ ਲਿਤਾੜਨਗੇ । ਕਿਹਾ ਇਹੋ ਹੀ ਜਾਏਗਾ ਕਿ ਇਹ ਤੇਰੇ ਦੁਸ਼ਮਣਾਂ ਤੋਂ ਤੈਨੂੰ ਬਚਾ ਰਹੇ ਨੇ । ਤੇਰੇ ਧੀਆਂ ਪੁੱਤਾਂ ਨੂੰ ਹੀ ਦੱਬ ਕੇ ਤੇਰੀ ਰੱਖਿਆ ਕਰ ਰਹੇ ਨੇ । ਅਸੀਂ ਭੋਲੇ ਪੰਛੀਆਂ ਵਾਂਗ ਸਯਾਦ ਦੇ ਜਾਲ ਵਿਚ ਫਸਦੇ ਜਾ ਰਹੇ ਹਾਂ ।

**ਮੇਰੇ ਦੇਸ਼**, ਅਸੀਂ ਭੋਲੇ ਹੀ ਹਾਂ, ਸਾਨੂੰ ਪਤਾ ਹੀ ਨਾ ਲੱਗਾ । ਸਾਡੀ ਪਾਰਲੀਮੈਂਟ ਵਿਚ ਉਹ ਕਾਲਾ ਕਾਨੂੰਨ ਪਾਸ ਹੋ ਗਿਆ, ਜੋ ਦੁਨੀਆਂ ਭਰ ਦੇ ਸਾਰੇ ਕਾਲੇ ਕਾਨੂੰਨਾਂ ਤੋਂ ਕਾਲਾ ਏ । ਹੁਣ ਜੇਕਰ ਸਾਡੇ ਲੇਖਕਾਂ ਵਿਚੋਂ ਕਿਸੇ ਨੇ ਕੁਝ ਲਿਖ ਦਿੱਤਾ, ਜੋ ਸਮੇਂ ਦੀ ਸਰਕਾਰ ਨੂੰ ਪਸੰਦ ਨਹੀਂ, ਜੇ ਕਿਸੇ ਨੇ ਕੋਈ ਗੀਤ ਗਾ ਦਿੱਤਾ, ਜੋ ਭੁੱਖੇ ਨੰਗੇ ਲੋਕਾਂ ਨੂੰ ਸੰਘਰਸ਼ ਲਈ ਸੱਦਾ ਦੇਂਦਾ ਹੈ, ਜੇ ਕਿਸੇ ਨਾਟਕਕਾਰ ਨੇ ਕੋਈ ਐਸਾ ਨਾਟਕ ਕਰ ਦਿੱਤਾ, ਜੋ ਜਬਰ ਦੇ ਵਿਰੁੱਧ ਲੋਕਾਂ ਨੂੰ ਜਾਗ੍ਰਿਤ ਕਰਦਾ ਹੈ ਤਾਂ ਪੁਲਸ ਦੇ ਇਕ ਠਾਣੇਦਾਰ ਨੂੰ ਵੀ ਇਹ ਹੱਕ ਏ ਕਿ ਉਹ ਚੁੱਕਕੇ ਉਹਨੂੰ ਜੇਲ੍ਹ ਵਿਚ ਡੱਕ ਦੇਵੇ ਤੇ ਝੂਠਾ ਮੁਕੱਦਮਾ ਉਸ ਉਤੇ ਪਾ ਦੇਵੇ, ਇਹ ਆਖਕੇ ਕਿ ਉਹ ਆਪਣੀ ਲੇਖਣੀ ਰਾਹੀਂ, ਗੀਤਾਂ ਰਾਹੀਂ, ਨਾਟਕਾਂ ਰਾਹੀਂ ਲੋਕਾਂ ਨੂੰ ਦਹਿਸ਼ਤ-ਪਸੰਦ ਬਣਾ ਰਿਹਾ ਹੈ । ਪੁਲਸ ਵਾਲਿਆਂ ਨੂੰ ਇਸ ਐਕਟ ਰਾਹੀਂ, ਜਿਸਨੂੰ 'ਦਹਿਸ਼ਤਪਸੰਦੀ ਵਿਰੋਧੀ' ਐਕਟ ਕਿਹਾ ਗਿਆ ਹੈ, ਏਨੇ ਹੱਕ ਦੇ ਦਿੱਤੇ ਗਏ ਹਨ ਕਿ ਤੇਰੇ ਹਰ ਸਾਊ ਪੁੱਤ ਧੀ ਦੀ ਉਹ ਆਸਾਨੀ ਨਾਲ ਪੱਤ ਲਾਹ ਸਕਦੇ ਨੇ ਤੇ ਇਥੋਂ ਤਕ ਕਿ ਫਾਂਸੀ ਵੀ ਲਵਾ ਸਕਦੇ ਨੇ ।

**ਮੇਰੇ ਦੇਸ਼**, ਇਹ ਇਹੋ ਹੀ ਪੁਲਸ ਏ, ਜਿਹੜੀ ਹਵਾਲਾਤ ਵਿਚ ਬੰਦਾ ਕੁੱਟ ਕੁੱਟ ਮਾਰ ਸਕਦੀ ਏ ਤੇ ਫੇਰ ਹੌਲੇ ਜਿਹੇ ਝੂਠ ਕਹਿ ਸਕਦੀ ਏ ਕਿ ਬੰਦਾ ਅਸੀਂ ਫੜਿਆ ਹੀ ਨਹੀਂ । ਇਹ ਬਜ਼ੁਰਗ ਦੇਸ਼ ਭਗਤਾਂ ਨੂੰ ਦਰਖਤਾਂ ਨਾਲ ਬੰਨ੍ਹਕੇ ਮਾਰਨ ਤੋਂ ਬਾਅਦ 'ਮੁਕਾਬਲੇ' ਵਾਲਾ ਬਿਆਨ ਦੇ ਸਕਦੀ ਏ । ਇਹ ਕੈਦੀਆਂ ਦੀਆਂ ਅੱਖਾਂ ਗਰਮ ਸਲਾਖਾਂ ਨਾਲ ਅੰਨ੍ਹੀਆਂ ਕਰ ਸਕਦੀ ਏ । ਇਹ ਹਜ਼ਾਰਾਂ ਨੌਜਵਾਨਾਂ ਨੂੰ ਝੂਠੇ ਕੇਸਾਂ ਵਿਚ ਫਸਾਕੇ ਉਹਨਾਂ ਦੇ ਜਵਾਨੀ ਦੇ ਕੀਮਤੀ ਸਾਲ ਜੇਲ੍ਹਾਂ ਵਿਚ ਸਾੜ ਸਕਦੀ ਏ । ਮੇਰੇ ਦੇਸ਼, ਇਹ ਤੇਰੀ ਪੁਲਸ ਬੜੀ ਬੇਈਮਾਨ ਅਤੇ ਜ਼ਾਲਮ ਏ ।

**ਮੇਰੇ ਦੇਸ਼**, ਤੇਰੇ ਹਾਕਮ ਬੜੇ ਝੂਠੇ ਨੇ। ਇਹ ਆਪਣੀ ਹਰ ਨਾਲਾਇਕੀ ਨੂੰ ਝੂਠ ਬੋਲਕੇ ਛੁਪਾਂਦੇ ਨੇ। ਇਕ ਵੱਡਾ ਫੌੜ ਏਹ ਮਾਰਦੇ ਨੇ ਕਿ ਦੁਨੀਆਂ ਦੇ ਦੇਸ਼ ਤੇਰੀ ਤਰੱਕੀ ਵੇਖਕੇ ਸੜਦੇ ਨੇ, ਪਰ ਜਦੋਂ ਅਸੀਂ ਤੇਰੇ ਸਾਊ ਪੁੱਤ ਬਾਹਰ ਆ ਕੇ ਉਹਨਾਂ ਦੇਸ਼ਾਂ ਨੂੰ ਦੇਖਦੇ ਹਾਂ ਤਾਂ ਉਹਨਾਂ ਦੀ ਤਰੱਕੀ ਵੇਖਕੇ ਸਾਨੂੰ ਕਈ ਵਾਰੀ ਤੇਰੀ ਕੰਗਾਲੀ ਤੇ ਸ਼ਰਮ ਆਉਣ ਲੱਗਦੀ ਏ। ਇਕ ਭੁੱਖਾ ਕਿਸੇ ਰੱਜੇ ਹੋਏ ਨੂੰ ਵੇਖਕੇ ਸਾੜਾ ਕਰ ਸਕਦਾ ਹੈ, ਪਰ ਜਿਹੜੇ ਆਪ ਰੱਜੇ ਹੋਏ ਨੇ, ਉਹਨਾਂ ਨੂੰ ਭੁੱਖਿਆਂ ਨਾਲ ਸਾੜਾ ਕਾਹਦਾ ? ਮੇਰੇ ਦੇਸ਼, ਤੇਰਾ ਨਾਂ ਦੁਨੀਆ ਵਿਚ ਕਿਧਰੇ ਮਹੱਤਤਾ ਨਹੀਂ ਰੱਖਦਾ। ਇਸੇ ਕਰਕੇ ਦੁਨੀਆ ਦੀਆਂ ਹੋਰ ਦੇਸ਼ਾਂ ਦੀਆਂ ਅਖ਼ਬਾਰਾਂ ਵਿਚ ਤੇਰਾ ਨਾਂ ਹੀ ਘੱਟ ਵੱਧ ਆਉਂਦਾ ਹੈ। ਘਰ ਬੈਠੇ ਤੇਰੇ ਹਾਕਮ ਭਾਵੇਂ ਜਿੰਨੀ ਮਰਜ਼ੀ ਪੂਛ ਚੁੱਕੀ ਫਿਰਨ।

**ਮੇਰੇ ਦੇਸ਼**, ਤੇਰੀ ਧਰਤੀ ਤੇ ਇਕ ਧਰਮ ਦੇ ਧੀਆਂ ਪੁੱਤਾਂ ਨਾਲ ਬੜੀ ਬੁਰੀ ਕੀਤੀ ਗਈ ਏ। ਇਸ ਵਿਚ ਸ਼ੱਕ ਨਹੀਂ ਕਿ ਉਹਨਾਂ ਵੀ ਪਹਿਲੇ ਅੱਥਰੇ ਬਾਲਾਂ ਵਾਂਗ ਘੌਰੂ ਪਾਇਆ ਸੀ। ਉਹਨਾਂ ਨੂੰ ਸਖ਼ਤੀ ਨਰਮੀ ਨਾਲ ਸਮਝਾਇਆ ਜਾ ਸਕਦਾ ਸੀ। ਕੁਝ ਉਹਨਾਂ ਦੀਆਂ ਮੰਗਾਂ ਪੂਰੀਆਂ ਵੀ ਕੀਤੀਆਂ ਜਾ ਸਕਦੀਆਂ ਸਨ, ਪਰ ਇਹ ਕਰਨ ਦੀ ਥਾਂ ਉਹਨਾਂ ਨਾਲ ਬਿਗਾਨਿਆਂ ਵਰਗਾ ਸਲੂਕ ਕੀਤਾ ਗਿਆ ਏ। ਉਹਨਾਂ ਵਿਚ ਹੁਣ ਬਹੁਤੇ ਇਹ ਸਮਝਣ ਲੱਗ ਪਏ ਨੇ ਕਿ ਤੇਰੇ ਘਰ ਵਿਚ ਉਹਨਾਂ ਦੀ ਕੋਈ ਥਾਂ ਨਹੀਂ ਕਿਉਂਕਿ ਘਰ ਵਿਚ ਹਿੰਦੂਆਂ ਦੀ ਸਰਦਾਰੀ ਏ। ਪਰ ਉਹ ਭੁਲਦੇ ਨੇ। ਘਰ ਵਿਚ ਹਿੰਦੂਆਂ ਦੀ ਸਰਦਾਰੀ ਨਹੀਂ, ਇਕ ਖਾਸ ਤਬਕੇ ਦੀ ਸਰਦਾਰੀ ਏ, ਜਿਸਦਾ ਪ੍ਰਧਾਨ ਮੰਤਰੀ ਜੇਕਰ ਹਿੰਦੂ ਧਰਮ ਦਾ ਹੈ ਤਾਂ ਵੱਡਾ ਪ੍ਰਧਾਨ ਪੱਗ ਵਾਲਾ ਸਰਦਾਰ ਹੈ। 42 ਕ੍ਰੋੜ ਜਿਹੜੇ ਭੁੱਖੇ ਮਰ ਰਹੇ ਨੇ ਉਹਨਾਂ ਵਿਚ 40 ਕ੍ਰੋੜ ਹਿੰਦੂ ਧਰਮ ਦੇ ਨਾਲ ਸੰਬੰਧ ਰੱਖਦੇ ਨੇ। ਮੇਰੇ ਦੇਸ਼, ਇਹਨਾਂ ਆਪਣੇ ਧੀਆਂ ਪੁੱਤਾਂ ਨੂੰ ਸੁਮੱਤ ਦੇ, ਕਿ ਉਹ ਆਪਣੇ ਆਪ ਨੂੰ ਵੱਖਰਾ ਨਾ ਸਮਝਣ ਤੇ ਸਾਂਝੇ ਦੁਸ਼ਮਣ ਦੀ ਪਹਿਚਾਣ ਕਰਨ। ਇਹ ਦੁਸ਼ਮਣ ਕੰਨਿਆ ਕੁਮਾਰੀ ਤੋਂ ਲੈ ਕੇ ਕਸ਼ਮੀਰ ਤੱਕ ਤੇਰੀ ਧਰਤੀ ਦੇ ਸਾਰੇ ਸਾਊ ਧੀਆਂ ਪੁੱਤਾਂ ਦਾ ਸਾਂਝਾ ਦੁਸ਼ਮਣ ਏ।

**ਮੇਰੇ ਦੇਸ਼**, ਅਸੀਂ ਤੇਰੇ ਧੀਆਂ ਪੁੱਤ ਭਾਵੇਂ ਸਾਊ ਹਾਂ, ਭੋਲੇ ਹਾਂ, ਸਹਿਨਸ਼ੀਲ ਹਾਂ, ਸਿੱਧੜ ਹਾਂ, ਮੂਰਖ ਵੀ ਬਣ ਜਾਂਦੇ ਹਾਂ, ਪਰ ਫੇਰ ਵੀ **ਅਸੀਂ ਮਨੁੱਖ ਹਾਂ**। ਦੁਨੀਆਂ ਦੇ ਦੂਜੇ ਮਨੁੱਖਾਂ ਵਾਂਗ ਸਾਡੀਆਂ ਵੀ ਕੁਝ ਰਵਾਇਤਾਂ ਨੇ। ਟਾਲਸਟਾਏ ਦੀ ਇਕ ਕਹਾਣੀ ਦੇ ਪਾਤਰ **ਈਵਾਨ ਜੋ ਮੂਰਖ ਸੀ** ਵਾਂਗ ਸਾਡੇ ਵਿਚ ਵੀ ਇਕ ਛੁਪੀ ਹੋਈ ਸ਼ਕਤੀ ਏ। ਅਸੀਂ ਇਕ ਕਰਵੱਟ ਲੈ ਰਹੇ ਹਾਂ। ਅਸੀਂ ਪਛਾਣ ਲਿਆ ਏ ਕਿ ਸਾਂਝਾ ਦੁਸ਼ਮਣ ਕੌਮੀ ਏਕਤਾ ਦੇ ਨਾਂ ਤੇ ਸਾਡੀ ਪਹਿਚਾਣ, ਸਾਡੀ ਆਜ਼ਾਦੀ ਤੇ ਸਾਡੇ ਜੀਣ ਦੇ ਹੱਕ ਉਤੇ ਹਮਲਾ ਕਰ ਰਿਹਾ ਏ। ਅਸੀਂ ਆਸਾਮ ਤੋਂ ਉੱਠ ਰਹੇ ਹਾਂ, ਅਸੀਂ ਕਸ਼ਮੀਰ ਤੋਂ ਉੱਠ ਰਹੇ ਹਾਂ, ਅਸੀਂ ਬਿਹਾਰ ਤੋਂ ਉੱਠ ਰਹੇ ਹਾਂ, ਅਸੀਂ ਪੰਜਾਬ ਤੋਂ ਉੱਠ ਰਹੇ ਹਾਂ, ਅਸੀਂ ਤੇਰੀ ਧਰਤੀ ਦੀ ਹਰ ਨੁੱਕਰ ਤੋਂ ਉੱਠ ਰਹੇ ਹਾਂ। **ਕੁਦਰਤ ਦੀ ਨਿਆਮਤਾਂ ਨਾਲ ਭਰੇ ਮੇਰੇ ਦੇਸ਼**, ਆਪਣੇ ਸਾਊ, ਭੋਲੇ ਤੇ ਸਿੱਧੜ ਧੀਆਂ-ਪੁੱਤਾਂ ਨੂੰ ਸ਼ਕਤੀ ਦੇ, ਤਾਂ ਜੋ ਉਹ ਤੇਰੀ ਧਰਤੀ ਉਤੇ ਲੁਟੇਰਿਆਂ ਮੱਕਾਰਾਂ ਤੇ ਜ਼ਾਲਮਾਂ ਦੇ ਰਾਜ ਨੂੰ ਮੁਕਾ ਸਕਣ। **ਐ ਮੇਰੇ ਦੇਸ਼, ਸਬਰ ਦੀ ਇਕ ਹੱਦ ਹੁੰਦੀ ਹੈ, ਜਬਰ ਦੀ ਇਕ ਹੱਦ ਹੁੰਦੀ ਹੈ ਤੇ ਉਹ ਹੱਦ ਪੁੱਜ ਚੁੱਕੀ ਹੈ।**

ਗੁਰਸ਼ਰਨ ਸਿੰਘ, ਵੈਨਕੂਵਰ 12 ਜੂਨ, 1985

---

## ਪੰਜਾਬ ਲੋਕ ਸਭਿਆਚਾਰਕ ਮੰਚ ਦਾ ਗਰਮੀ ਰੁੱਤ ਦਾ ਵੱਡਾ ਸਮਾਗਮ

ਸਨੀਚਰਵਾਰ 27 ਜੁਲਾਈ ਰਾਤੀਂ 8 ਵਜੇ ਤੋਂ ਅਗਲੇ ਦਿਨ ਪਹੁ ਫੁਟਾਲੇ ਤਕ
ਪੰਜਾਬੀ ਭਵਨ, ਨੇੜੇ ਭਾਰਤ ਚੌਂਕ, ਲੁਧਿਆਣਾ ਵਿਖੇ ਹੋ ਰਿਹਾ ਹੈ।

ਇਸ ਵਿਚ ਪਲਸ ਮੰਚ ਸਬੰਧਤ ਪੰਜਾਬ ਭਰ ਦੀਆਂ ਟੀਮਾਂ ਲੋਕ ਪੱਖੀ ਨਾਟਕ, ਗੀਤ, ਐਕਸ਼ਨ ਗੀਤ, ਨਾਚ ਨਾਟਕ ਤੇ ਕਾਵਿ ਨਾਟ ਪੇਸ਼ ਕਰਨਗੀਆਂ। ਪੰਜਾਬ ਪੱਧਰ ਦੇ ਇਸ ਵੱਡੇ ਪ੍ਰੋਗਰਾਮ ਨੂੰ ਪਰਵਾਰ ਸਮੇਤ ਵੇਖਣ ਦਾ ਸਾਰੇ ਲੋਕਾਂ ਨੂੰ ਸੱਦਾ ਹੈ।

**ਸਬਜਿੰਦਰ ਕੇਦਾਰ**
ਜ. ਸਕੱਤ੍ਰ ਪਲਸ ਮੰਚ

**ਗੁਰਸ਼ਰਨ ਸਿੰਘ**
ਪ੍ਰਧਾਨ ਪਲਸ ਮੰਚ

ਨੁੱਕਰ ਨਾਟਕ

# ਭੰਡ ਕਨੇਡਾ ਆਏ

ਗੁਰਸ਼ਰਨ ਸਿੰਘ

ਬਾਪੂ : ਜੁਜਮਾਨੋ, ਸਾਨੂੰ ਭੰਡ ਕਹਿੰਦੇ ਹਨ। ਅਸੀਂ ਲੋਕਾਂ ਦਾ ਦਿਲ ਖੁਸ਼ ਕਰਦੇ ਹਾਂ। ਸਾਨੂੰ ਵੱਡੇ ਲੋਕ ਬੁਲਾਂਦੇ ਨੇ ਕਿ ਅਸੀਂ ਉਹਨਾਂ ਦਾ ਦਿਲ ਖੁਸ਼ ਕਰੀਏ। ਪਰ ਸਾਡੀ ਰਵਾਇਤ ਏ ਕਿ ਅਸੀਂ ਉਹਨਾਂ ਦਾ ਦਿਲ ਖੁਸ਼ ਕਰਨ ਦੇ ਨਾਲ ਨਾਲ ਉਹਨਾਂ ਦੀ ਅਸਲੀਅਤ ਵੀ ਉਹਨਾਂ ਦੇ ਮੂੰਹ ਤੇ ਦੱਸੀਏ। ਇਹ ਸਾਡੇ ਬਜ਼ੁਰਗ ਹੀ ਸਨ ਜਿਨ੍ਹਾਂ ਨੇ ਜਾ ਕੇ ਗੁਰੂ ਗੋਬਿੰਦਸਿੰਘ ਦੇ ਦਰਬਾਰ ਵਿਚ ਮਸੰਦਾਂ ਨੂੰ ਨੰਗਿਆਂ ਕੀਤਾ ਸੀ ਤੇ ਗੁਰੂ ਸਾਹਿਬ ਨੇ ਉਹਨਾਂ ਨੂੰ ਤੇਲ ਦੇ ਕੜਾਹਿਆਂ ਵਿਚ ਤਲਿਆ ਸੀ। ਇਹ ਸਾਡੇ ਬਜ਼ੁਰਗ ਸਨ ਜਿਨ੍ਹਾਂ ਨੇ ਮਹਾਰਾਜਾ ਰੰਜੀਤ ਸਿੰਘ ਨੂੰ ਉਹਦੇ ਦਰਬਾਰ ਵਿਚ ਕਿਹਾ ਸੀ ਕਿ ਤੇਰੀ ਅੱਖ ਵੀ ਕਾਣੀ ਏ ਤੇ ਤੇਰਾ ਇਨਸਾਫ ਵੀ ਕਾਣਾ ਏ। ਉਹਦੇ ਇਕ ਅਹਿਲਕਾਰ ਨੇ ਇਕ ਵਿਧਵਾ ਦੀ ਧੀ ਨਾਲ ਜ਼ਿਆਦਤੀ ਕੀਤੀ ਸੀ। ਕੋਈ ਉਸ ਅਹਿਲਕਾਰ ਵਿਰੁੱਧ ਨਹੀਂ ਸੀ ਬੋਲਦਾ। ਸਾਡੇ ਬੁਜ਼ਰਗ ਬੋਲੇ ਤੇ ਉਸ ਗ਼ਰੀਬ ਔਰਤ ਲਈ ਇਨਸਾਫ਼ ਲੈ ਕੇ ਦਿੱਤਾ। ਇਹ ਪੁਰਾਣੇ ਵਕਤ ਸਨ, ਜਦੋਂ ਰਾਜੇ ਇਨਸਾਫ ਕਰਨਾ ਜਾਣਦੇ ਸਨ। ਹੁਣ ਜੇਕਰ ਕੋਈ ਵਜ਼ੀਰ ਕਿਸੇ ਗ਼ਰੀਬ ਦੀ ਕੁੜੀ ਨਾਲ ਜ਼ਿਆਦਤੀ ਕਰ ਜਾਏ ਤਾਂ ਉਹਨੂੰ ਸਜ਼ਾ ਨਹੀਂ ਮਿਲਦੀ, ਸਗੋਂ ਉਹ ਵਜ਼ੀਰੋਂ ਤੋਂ ਵੱਡਾ ਵਜ਼ੀਰ ਬਣ ਜਾਂਦਾ ਏ।

ਮੁੰਡਾ : ਬਾਪੂ ਇਹ ਤੂੰ ਕੀ ਲੰਮੀਆਂ ਕਹਾਣੀਆਂ ਪਾ ਦਿੱਤੀਆਂ। ਇਹਨਾਂ ਨੂੰ ਅੱਜ ਦੀ ਗੱਲ ਸੁਣਾ।

ਬਾਪੂ : ਹਾਂ ਤੇ ਜਜਮਾਨੋ, ਅਸੀਂ ਪਿੰਡ ਕੁਕੜਾਂਵਾਲੇ, ਤਹਿਸੀਲ ਅਜਨਾਲਾ, ਜ਼ਿਲਾ ਅੰਮ੍ਰਿਤਸਰ ਤੋਂ ਚਲਕੇ ਤੁਹਾਡੇ ਕੋਲ ਆਏ ਹਾਂ। ਜਦੋਂ ਅਸੀਂ ਕਨੇਡਾ ਆਉਣ ਲਈ ਪਾਸਪੋਰਟ ਬਣਾਉਣ ਲੱਗੇ ਤਾਂ ਸਾਡਾ ਪਹਿਲਾ ਵਾਹ ਇਲਾਕੇ ਦੇ ਥਾਣੇਦਾਰ ਨਾਲ ਪਿਆ, ਕਹਿਣ ਲੱਗਾ—ਮਰਾਸੀਓ ਕੈਨੇਡਾ ਚੱਲੇ ਹੋ, ਅਪਣੀ ਬੂਥੀ ਵੇਖੀ ਜੇ। ਅਸੀਂ ਆਖਿਆ—ਅਸੀਂ ਤਾਂ ਵੇਖੀ ਏ, ਲਗਦਾ ਏ ਕਿ ਤੂੰ ਅਪਣੀ ਨਹੀਂ ਵੇਖੀ ਜਿਸ ਉਤੇ ਲੋਕਾਂ ਦੀਆਂ ਹਰਾਮ ਦੀਆਂ ਖਾ ਖਾਕੇ ਫਿੱਟੇ ਮੂੰਹ ਲਿਖਿਆ ਹੈ। ਦੋ ਦਿਨ ਉਹਨੇ ਸਾਨੂੰ ਹਵਾਲਾਤ ਡਕਿਆ। ਅਸੀਂ ਕਿਹਾ ਡੱਕ ਲੈ ਇਥੇ, ਅਸੀਂ ਸਰਕਾਰ ਦੀਆਂ ਖਾ ਲਵਾਂਗੇ, ਘਰੇ ਕਿਹੜਾ ਅਪਣੀਆਂ ਖਾਂਦੇ ਹਾਂ। ਤੇ ਫੇਰ ਕਿਹਾ—ਜਾ ਨਿਕਲੋ ਕੈਨੇਡਾ ਵੱਲ, ਤਾਂ ਜੋ ਹਿੰਦੋਸਤਾਨ ਦਾ ਗੰਦ ਘਟੇ।

ਮੁੰਡਾ : (ਦਰਸ਼ਕਾਂ ਵੱਲ) ਤਾਂ ਬਾਪੂ ਇਹ ਜਿਹੜੇ ਇਥੇ ਬੈਠੇ ਨੇ ਹਿੰਦੋਸਤਾਨ ਦਾ ਗੰਦ ਘਟਾਉਂਦੇ ਨੇ।

ਬਾਪੂ—ਓਏ ਇਹ ਤਾਂ ਅਪਣੇ ਜਜਮਾਨ ਨੇ,(ਦਰਸ਼ਕਾਂ ਨੂੰ) ਜਜਮਾਨੋ ਗੁੱਸਾ ਨਾ ਕਰੀਓ, ਇਹ ਸਾਡੇ ਬੁਜ਼ਰਗਾਂ ਦੀ ਰਵਾਇਤ ਏ ਕਿ ਅਸੀਂ ਮੂੰਹ ਤੇ ਅਸਲੀਅਤ ਕਹਿ ਦੇਂਦੇ ਹਾਂ। ਜੋ ਅਸੀਂ ਰਨਜੀਤ ਸਿੰਘ ਨੂੰ ਮੂੰਹ ਤੇ ਕਾਣਾ ਕਹਿ ਸਕਦੇ ਹਾਂ ਤੇ ਤੁਹਾਨੂੰ ਵੀ ਮੂੰਹ ਤੇ ਉਹੀ ਕਹਿ ਸਕਦੇ ਹਾਂ, ਜੋ ਤੁਸੀਂ ਹੋ।

ਮੁੰਡਾ : ਬਾਪੂ ਕੀ ਵਿਰਲੀਆਂ ਗੱਲਾਂ ਵਿਚ ਪੈ ਗਿਆ ਏਂ, ਕੰਮ ਦੀ ਗੱਲ ਕਰ, ਏਡੇ ਏਡੇ ਜਜਮਾਨ ਬੈਠੇ ਨੇ। ਮੇਮਾਂ ਵਰਗੀਆਂ ਦੇਸੀ ਤੀਂਵੀਆਂ ਬੈਠੀਆਂ ਨੇ, ਉਹਨਾਂ ਨੂੰ ਉਹ ਗੱਲ ਸੁਣਾਈਏ ਜੋ ਅਸਾਂ ਗੁਰਚਰਨ ਸਿਓਂ ਟੋਹੜਾ ਨੂੰ ਸੁਣਾਈ ਸੀ, ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਸੁਣਾਈ ਸੀ, ਪ੍ਰਧਾਨ ਜ਼ੈਲ ਸਿੰਘ ਨੂੰ ਸੁਣਾਈ ਸੀ।

ਬਾਪੂ : ਉਹ ਤਾਂ ਸੁਨਾਣੀ ਸੀ ਜੋ ਉਹ ਸਾਹਮਣੇ ਬੈਠੇ ਹੁੰਦੇ। ਸਾਡੀ ਰਵਾਇਤ ਏ ਕਿ ਗੱਲ ਉਹ ਕਰੋ ਜੋ ਗੋਲੀ ਵਾਂਗੂ ਲੱਗੇ ਤੇ ਕਰੋ ਅਗਲੇ ਦੇ ਮੂੰਹ ਤੇ— ਪਰ ਇਸ ਮੁੰਡੇ ਦੀ ਗੱਲ ਵੀ ਨਹੀਂ ਮੋੜੀ ਜਾ ਸਕਦੀ, ਇਹ ਪਿਓ ਦਾ ਬੜਾ ਖੈਰ ਖਾਹ ਏ। ਸੋ ਜਜਮਾਨੋ, ਅਸੀਂ ਤੁਹਾਨੂੰ ਚਾਰ ਬਾਤਾਂ ਸੁਨਾਣੀਆਂ ਨੇ। ਇਕ ਟੋਹੜੇ ਦੀ, ਇਕ ਇਸ ਮੁੰਡੇ ਦੀ, ਇਕ ਦਰਬਾਰਾ ਸਿੰਘ ਦੀ ਤੇ ਇਕ ਅਪਣੇ ਗਿਆਨੀ ਜ਼ੈਲ ਸਿੰਘ ਦੀ। ਪਰ ਜਜਮਾਨੋ ਨਿਰੀਆਂ ਬਾਤਾਂ ਨਾ ਸੁਣੀਓ, ਇਸ ਪਾਪੀ ਪੇਟ ਲਈ ਅਪਣੀ ਨੇਕ ਕਮਾਈ ਵਿਚ ਕੁਝ ਡਾਲੇ ਵੀ ਸਾਡੀ ਝੋਲੀ ਪਾਈਓ। ਅਖੀਰ ਕਿਥੋਂ ਕੁਕੜਾਂ ਵਾਲੇ ਤੋਂ ਚਲਕੇ ਆਏ ਹਾਂ। ਪੰਜਾਬ ਰੋਡਵੇਜ਼ ਦੀਆਂ ਪੀਪਾ ਬਸਾਂ ਤੇ ਸਫਰ ਕੀਤਾ, ਦਿਲੀ ਆਉਂਦਿਆਂ ਹਰਿਆਨਾ ਵਿਚ ਥਾਂ ਥਾਂ ਤਲਾਸ਼ੀ ਦਿੱਤੀ। ਪੁਲਸ ਵਾਲਿਆਂ ਨੂੰ ਡਰ ਸੀ ਕਿ ਮਰਾਸੀ ਕਿਤੇ ਥੈਲਿਆਂ ਵਿਚ ਬੰਬ ਤਾਂ ਨਹੀਂ ਲੈ ਚਲੇ। ਅਸੀਂ ਉਹਨਾਂ ਨੂੰ ਸਮਝਾਇਆ ਸਾਡੀਆਂ ਤਾਂ ਗੱਲਾਂ ਹੀ ਬੰਬ ਨੇ। ਸੋ ਜਜਮਾਨੋ ਹਰ ਬਾਤ ਤੇ ਸੱਜਦਾ ਪੁੱਜਦਾ ਇਥੇ ਸਾਨੂੰ ਦੇ ਦੇਣਾ। ਅਸੀਂ ਵੀ ਤੁਹਾਡੇ ਹੀ ਸਿਰ ਤੇ ਖਾਂਦੇ ਹਾਂ। ਸਾਡੇ ਕਿਹੜਾ ਘਰੇ ਟਰੈਕਟਰ ਚਲਦੇ ਨੇ। ਚਲ ਪੁੱਤ, ਫੇਰ ਉਹ ਬਾਤ ਪਾਈਏ ਜੋ ਭੰਡਾਂ ਨੇ ਗੁਰਚਰਨ ਸਿੰਘ ਟੋਹਰੇ ਨੂੰ ਸੁਣਾਈ।

ਮੁੰਡਾ : ਨਹੀਂ ਬਾਪੂ ਪਹਿਲੇ ਮੇਰੀ ਫਰਮ੍ਹਾਇਸ਼ ਪੂਰੀ ਕਰਦੇ।

ਬਾਪੂ : ਜਜਮਾਨੋ, ਇਹ ਕਰਨੀ ਹੀ ਪੈਣੀ ਏ। ਨਹੀਂ ਤਾਂ ਇਹਦੀ ਮਾਂ ਨਰਾਜ਼ ਹੋ ਜਾਏਗੀ। ਅਸੀਂ ਏਨੇ ਸਾਲ

ਦੁਨੀਆਂ ਸਾਰੀ ਨੂੰ ਖੁਸ਼ ਕਰ ਦਿਤਾ, ਪਰ ਇਹਦੀ ਮਾਂ ਨੂੰ ਖੁਸ਼ ਨਾ ਕਰ ਸਕੇ। (ਇਕ ਦਰਸ਼ਕ ਵਲ ਇਸ਼ਾਰਾ ਕਰਕੇ) ਲੈ ਅਪਣੇ ਉਸ ਜਜਮਾਨ ਨੇ ਇਹਦਾ ਹੁੰਗਾਰਾ ਭਰਿਆ ਏ, ਜਜਮਾਨ ਦੇ ਘਰ ਵਿਚ ਹੀ ਸਾਡੇ ਵਾਲਾ ਹੀ ਹਾਲ ਲੱਗਦੈ। ਚਲ ਮੁੰਡਿਆ ਦਸ ਫੇਰ ਤੇਰੀ ਫਰਮਾਇਸ਼ ਕੀ ਏ।

ਮੁੰਡਾ : ਬਾਪੂ, ਫਰਮਾਇਸ਼ ਦਸੂੰ ਤਾਂ ਜੇ ਪੂਰੀ ਕਰੇਂਗਾ।

ਬਾਪੂ : ਲੈ ਮੈਂ ਨਹੀਂ ਪੂਰੀ ਕਰਾਂਗਾ, ਤਾਂ ਜਜਮਾਨ ਪੂਰੀ ਕਰ ਦੇਣਗੇ। ਇਹਨਾਂ ਵਿਚ ਤੇ ਸਾਡੇ ਵਿਚ ਫਰਕ ਥੋੜਾ ਏ?

ਮੁੰਡਾ : ਬਾਪੂ ਮੈਨੂੰ ਪੈਂਟ ਲੈ ਦੇ।

ਬਾਪੂ : ਕਿਉਂ ਤੈਨੂੰ ਇਸ ਤੰਬੇ ਵਿਚ ਕੀ ਤਕਲੀਫ ਏ?

ਮੁੰਡਾ : ਬਸ ਮੈਨੂੰ ਤਕਲੀਫ ਏ, ਤੂੰ ਪੈਂਟ ਸਵਾ ਦੇ।

ਬਾਪੂ : ਤੂੰ ਪੈਂਟ ਪਾ ਕੇ ਰੇਲ ਬਾਬੂ ਬਣਨਾ ਏ?

ਮੁੰਡਾ : ਨਹੀਂ ਬਾਪੂ, ਰੇਲ ਬਾਬੂ ਤਾਂ ਝੰਡੀ ਝੁਲਾਉਂਦਾ ਏ। ਝੰਡੀਆਂ ਅਸੀਂ ਪੀਰ ਦੇ ਡੇਰੇ ਬੜੀਆਂ ਝੁਲਾਈਆਂ ਨੇ।

ਬਾਪੂ : (ਪਾਸੇ ਦਰਸ਼ਕਾਂ ਵੱਲ) ਝੰਡੀਆਂ ਇਹਦੀ ਮਾਂ ਵੀ ਪੀਰ ਦੇ ਡੇਰੇ ਬੜੀਆਂ ਝੁਲਾਦੀਆਂ ਸੀ—ਇਸੇ ਲਈ ਪਤਾ ਨਹੀਂ ਇਹ ਮੁੰਡਾ ਮੇਰਾ ਏ ਜਾਂ ਪੀਰ ਦੇ ਡੇਰੇ ਵਾਲਿਆਂ ਦਾ ਏ (ਵਾਪਸ ਮੁੰਡੇ ਵੱਲ) ਨਾਂ ਫੇਰ ਤੂੰ ਸਰਕਾਰੀ ਬਾਬੂ ਬਣਨਾ ਏਂ?

ਮੁੰਡਾ : ਨਾ ਬਾਪੂ, ਉਹ ਤਾਂ ਲੋਕਾਂ ਦੀ ਛਿੱਲ ਲਾਹੁੰਦੇ ਨੇ।

ਬਾਪੂ : ਨਾ ਤੂੰ ਸਕੂਲ ਮਾਸਟਰ ਬਣਨੈ?

ਮੁੰਡਾ : ਨਾ ਬਾਪੂ ਉਹ ਤਾਂ ਜੁਆਕਾਂ ਨੂੰ ਝੋਟੇ ਕੁੱਟਣ ਵਾਂਗੂ ਕੁੱਟਦੇ ਨੇ।

ਬਾਪੂ : ਨਾ ਤੂੰ ਪ੍ਰੋਫੈਸਰ ਬਣਨਾ ਏਂ?

ਮੁੰਡਾ : ਉਹ ਤਾਂ ਵਿਹਲੀਆਂ ਖਾਂਦੇ ਨੇ।

ਬਾਪੂ : ਨਾ ਫੇਰ ਤੂੰ ਡਾਕਟਰ ਬਣਨਾ ਏਂ?

ਮੁੰਡਾ : ਉਹ ਤਾਂ ਪੈਸੇ ਬਟੋਰਦੇ ਨੇ, ਬੰਦਾ ਭਾਵੇਂ ਮਰੇ ਭਾਵੇਂ ਜੀਵੇ।

ਬਾਪੂ : ਤੈਨੂੰ ਪੈਂਟ ਚਾਹੀਦੀ ਏ।

ਮੁੰਡਾ : ਹਾਂ ਮੈਨੂੰ ਪੈਂਟ ਚਾਹੀਦੀ ਏ।

ਬਾਪੂ : ਤੂੰ ਰੇਲ ਬਾਬੂ ਨਹੀਂ ਬਣਨਾ।

ਮੁੰਡਾ : ਨਹੀਂ ਬਣਨਾ।

ਮੁੰਡਾ : ਤੂੰ ਸਰਕਾਰੀ ਬਾਬੂ ਨਹੀਂ ਬਣਨਾਂ।

ਮੁੰਡਾ : ਨਹੀਂ ਬਣਨਾ।

ਬਾਪੂ : ਤੂੰ ਮਾਸਟਰ ਨਹੀਂ ਬਣਨਾ।

ਮੁੰਡਾ : ਨਹੀਂ ਬਣਨਾ।

ਬਾਪੂ : ਤੂੰ ਪ੍ਰੋਫੈਸਰ ਨਹੀਂ ਬਣਨਾ।

ਮੁੰਡਾ : ਨਹੀਂ ਬਣਨਾ।

ਬਾਪੂ : ਤੂੰ ਡਾਕਟਰ ਨਹੀਂ ਬਣਨਾ।

ਮੁੰਡਾ : ਨਹੀਂ ਬਣਨਾ।

ਬਾਪੂ : ਫੇਰ ਭੜੂਆ ਪੈਂਟ ਕਾਹਦੇ ਲਈ ਚਾਹੀਦੀ ਆ?

ਮੁੰਡਾ : ਬਾਪੂ ਮੈਂ ਵੀ ਖੜਕੇ ਮੂਤ ਕਰਨੈ।

ਬਾਪੂ : ਹੈ ਸਹੁਰਾ ਬੇਵਕੂਫ...(ਦਰਸ਼ਕਾਂ ਨੂੰ ਸੰਬੋਧਨ ਕਰਕੇ) ਸੁਣੋ ਜਜਮਾਨੋਂ ਮੇਰੇ ਮੁੰਡੇ ਨੂੰ ਪੈਂਟ ਚਾਹੀਦੀ ਏ, ਕਿਉਂਕਿ ਜਦੋਂ ਦਾ ਇਹ ਕੈਨੇਡਾ ਆਇਆ ਏ ਇਹਦਾ ਮੂਤ ਬੰਦ ਏ। ਪਬਲਿਕ ਵਾਸ਼ਰੂਮ 'ਚ ਤੰਬੇ ਨਾਲ ਕਰ ਨਹੀਂ ਸਕਦਾ ਜੇ ਤੰਬਾ ਚੁੱਕ ਕੇ ਝਾੜੀ ਉਹਲੇ ਬੈਠ ਗਿਆ ਤਾਂ ਇਹਨੂੰ ਚਿਟ ਮਿਲ ਜਾਣੀ ਏ ਤੇ ਤੁਸੀਂ ਵੀ ਕਹਿਣਾ ਏ ਕਿ ਬਾਹਰ ਆ ਕੇ ਸਾਰੀ ਕਮਿਊਨਿਟੀ ਦੀ ਬੇਇਜ਼ਤੀ ਕਰਵਾਉਂਦਾ ਏ। ਸੋ ਇਹਨੂੰ ਪੈਂਟ ਲੈ ਦੇਵੋ। ਬਟਨ ਵਾਲੀ ਹੋਵੇ, ਜ਼ੰਜੀਰੀ ਵਾਲੀ ਹੋਵੇ ਜਾਂ ਨਾਲੇ ਵਾਲੀ ਹੋਵੇ, ਇਹ ਤੁਹਾਡੇ ਤੇ ਮੁਨੱਸਰ ਏ—ਮੇਰੇ ਵਾਸਤੇ ਇਹ ਪਾਪੀ ਪੇਟ ਦਾ ਸਵਾਲ ਏ, ਪਰ ਇਹਦੇ ਵਾਸਤੇ ਇਹਦੇ ਬੰਦ ਮੂਤ ਦਾ ਸਵਾਲ ਏ।

o

ਮੁੰਡਾ : ਲੈ ਬਾਪੂ, ਹੁਣ ਕਿਹੜੀ ਬਾਤ ਪਾਈਏ?

ਬਾਪੂ : ਤੂੰ ਦਸ ਕਿਹੜੀ ਬਾਤ ਪਾਈਏ?

ਮੁੰਡਾ : ਬੰਬ ਵਾਲੀ ਪਾਈਏ।

ਬਾਪੂ : ਲਓ ਜਜਮਾਨੋਂ, ਹੁਣ ਅਸੀਂ ਉਹ ਬਾਤ ਪਾਉਂਦੇ ਹਾਂ, ਬੰਬ ਦੀ। ਜਜਮਾਨੋਂ, ਬੰਬ ਕਈ ਤਰ੍ਹਾਂ ਦੇ ਹੁੰਦੇ ਨੇ, ਇਕ ਹੱਥ ਲਾਇਆਂ ਫੱਟ ਜਾਂਦੇ ਨੇ, ਇਕ ਜ਼ਮੀਨ ਤੇ ਡਿੱਗਣ ਨਾਲ ਫੱਟ ਜਾਂਦੇ ਨੇ, ਇਕ ਭੂੰ ਪਟਾਕੇ ਵਾਂਗ ਜ਼ਮੀਨ ਤੇ ਮਾਰਨੇਂ ਪੈਂਦੇ ਨੇ, ਇਕ ਨੂੰ ਹਥੌੜੇ ਵਾਂਗ ਸੱਟ ਮਾਰਨੀ ਪੈਂਦੀ ਏ ਪਰ ਅਸੀਂ ਤੁਹਾਨੂੰ ਇਕ ਖਾਸ ਬੰਬ ਦੀ ਬਾਤ ਸੁਨਾਣ ਲੱਗੇ ਹਾਂ।

ਮੁੰਡਾ : ਬਾਪੂ, ਮੈਨੂੰ ਬਚਾ ਲੈ।

ਬਾਪੂ : ਕਿਉਂ ਤੈਨੂੰ ਕੀ ਫੱਟ ਵੱਜ ਗਿਆ?

ਮੁੰਡਾ : ਮੈਨੂੰ ਫੱਟਾਂ ਵਿਚੋਂ ਫੱਟ ਵੱਜ ਗਿਆ, ਮੇਰੇ ਤੇ ਬੰਬ ਆ ਪਿਆ।

ਬਾਪੂ : ਮੇਰਾ ਸੁੱਖਾਂ ਲਦਾ ਪੁੱਤਰ, ਆਪਣੀ ਮਾਂ ਦੀ ਇਕੋ ਨਿਸ਼ਾਨੀ, ਕਿਹੜਾ ਬੰਬ ਆ ਪਿਆ।

ਮੁੰਡਾ : ਜਿਹੜਾ ਬੰਬ ਹੁੰਦੈ

ਬਾਪੂ : ਕੀ ਇਹ ਐਟਮ ਬੰਬ ਏ

ਮੁੰਡਾ : ਐਟਮ ਬੰਬ ਤਾਂ ਜਾਪਾਨ ਵਿਚ ਪਿਆ ਸੀ।

ਬਾਪੂ : ਕੀ ਇਹ ਹਾਈਡਰੋਜਨ ਬੰਬ ਏ?

ਮੁੰਡਾ : ਉਹ ਤਾਂ ਰੂਸ ਅਮਰੀਕਾ ਵਾਲੇ ਚਲਾਉਂਦੇ ਨੇ।

ਬਾਪੂ : ਕੀ ਇਹ ਭੂੰ ਪਟਾਕੇ ਵਾਲਾ ਬੰਬ ਏ?

ਮੁੰਡਾ : ਉਹ ਤਾਂ ਦੀਵਾਲੀ ਤੇ ਚਲਦਾ ਏ।

ਬਾਪੂ : ਕੀ ਇਹ ਪਲਾਸਟਿਕ ਬੰਬ ਏ?

ਮੁੰਡਾ : ਇਹ ਤਾਂ ਹਰਿਮੰਦਰ ਸਾਹਿਬ ਚਲੇ ਸੀ।
ਬਾਪੂ : ਕੀ ਇਹ ਟਰਾਂਜ਼ਿਸਟਰ ਬੰਬ ਏ ?
ਮੁੰਡਾ : ਉਹ ਤਾਂ ਦਿੱਲੀ ਚੱਲੇ ਸੀ।
ਬਾਪੂ : ਤੇਰੇ ਬੰਬ ਪਿਆ ਏ ?
ਮੁੰਡਾ : ਹਾਂਹੋ ਪਿਆ ਏ।
ਬਾਪੂ : ਲੈ ਵੇਖਾਂ ਤੈਨੂੰ ਕਿੱਥੇ ਕਿੱਥੇ ਸੱਟ ਲੱਗੀ ਏ। ਤੇਰੀ ਬਾਂਹ ਠੀਕ ਏ ?
ਮੁੰਡਾ : ਹਾਂ ਠੀਕ ਏ (ਬਾਂਹ ਨੂੰ ਪੀਂਘ ਵਾਂਗ ਝੁਲਾਂਦਾ ਏ ਤੇ ਬਾਪੂ ਦੇ ਮੂੰਹ ਤੇ ਜਾ ਘਸੁੰਨ ਵੱਜਦਾ ਏ)
ਬਾਪੂ : ਓਏ ਫਿੱਟੇ ਮੂੰਹ—ਤੇਰੀ ਲੱਤ ਠੀਕ ਏ ?
ਮੁੰਡਾ : ਹਾਂ ਠੀਕ (ਬਾਪੂ ਨੂੰ ਦੁਲੱਤੀ ਮਾਰ ਦੇਂਦਾ ਏ)
ਬਾਪੂ : ਹੈ ਸਹੁਰਾ ਦੁਲੱਤੀਆਂ ਮਾਰਦਾ ਏ। ਤੇਰੀ ਅੱਖ ਠੀਕ ਏ ?
ਮੁੰਡਾ : ਠੀਕ ਏ (ਦਰਸ਼ਕਾਂ ਵਿਚ ਬੈਠੀ ਕਿਸੇ ਕੁੜੀ ਨੂੰ ਮਾਰਦਾ ਏ) ਬਾਪੂ ਇਕ ਵਾਰੀ ਹੋਰ ਪੁੱਛ।
ਬਾਪੂ : ਹੈ ਸਹੁਰਾ ਬੇਸ਼ਰਮ ਕੁੜੀਆਂ ਨੂੰ ਅੱਖਾਂ ਮਾਰਦਾ ਏ। ਖੱਬੀ ਤੇ ਠੀਕ ਏ—ਸੱਜੀ ਦਸ।
ਮੁੰਡਾ : ਬਾਪੂ ਉਥੇ ਤਾਂ ਉਹ ਬੁੜ੍ਹਾ ਬੈਠਾ ਏ। ਇਕ ਵਾਰੀ ਖੱਬੀ ਫੇਰ ਪੁੱਛ।
ਬਾਪੂ : ਤੇਰਾ ਨੱਕ ਠੀਕ ਏ ?
ਮੁੰਡਾ : ਠੀਕ ਏ (ਨੱਕ ਦਾ ਸੀਂਢ ਬਾਪੂ ਤੇ ਸੁੱਟ ਦੇਂਦਾ)
ਬਾਪੂ : ਹੈ ਸਹੁਰਾ ਬੇਵਕੂਫ, ਬਾਲਾਂ ਵਾਲੀਆਂ ਆਦਤਾਂ ਨਾ ਗਈਆਂ...ਹਾਂ ਤਾਂ ਤੇਰੇ ਬੰਬ ਪਿਆ ?
ਮੁੰਡਾ : ਪਿਆ।
ਬਾਪੂ : ਉਹ ਐਟਮ ਬੰਬ ਨਹੀਂ ਸੀ।
ਮੁੰਡਾ : ਨਹੀਂ।
ਬਾਪੂ : ਉਹ ਹਾਈਡਰੋਜਨ ਬੰਬ ਨਹੀਂ ਸੀ।
ਮੁੰਡਾ : ਨਹੀਂ।
ਬਾਪੂ : ਉਹ ਭੂੰ ਪਟਾਖਾ ਨਹੀਂ ਸੀ।
ਮੁੰਡਾ : ਨਹੀਂ।
ਬਾਪੂ : ਉਹ ਪਲਾਸਟਿਕ ਬੰਬ ਨਹੀਂ ਸੀ।
ਮੁੰਡਾ : ਨਹੀਂ।
ਬਾਪੂ : ਉਹ ਟਰਾਂਜ਼ਿਸਟਰ ਬੰਬ ਨਹੀਂ ਸੀ।
ਮੁੰਡਾ : ਨਹੀਂ।
ਬਾਪੂ : ਓਏ ਫੇਰ ਇਹ ਕਿਹੜਾ ਬੰਬ ਸੀ ?
ਮੁੰਡਾ : ਬਾਪੂ ਇਹ ਉਹੀ ਬੰਬ ਸੀ, ਜੋ ਦਰਬਾਰਾ ਸਿੰਘ ਦੀ ਛਾਤੀ ਤੇ ਪਿਆ ਸੀ।
ਬਾਪੂ : ਲਓ ਜਜਮਾਨੋ, ਅਸੀਂ ਤੁਹਾਨੂੰ ਇਸ ਬੰਬ ਦੀ ਕਹਾਣੀ ਵੀ ਸੁਣਾ ਦੇਈਏ। ਅਸੀਂ ਸੁਣਿਐ ਸਾਡੇ ਮੁੱਖ ਮੰਤਰੀ ਤੇ ਬੰਬ ਪਿਐ। ਸਾਨੂੰ ਬੜਾ ਫਿਕਰ ਹੋਇਆ। ਅਸੀਂ ਪਿੰਡ ਕੁਕੜਾਂ ਵਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅਮ੍ਰਿਤਸਰ ਤੋਂ ਚੱਲ ਕੇ ਚੰਡੀਗੜ੍ਹ ਪੁੱਜੇ। ਆਖਰ ਸਾਡਾ ਜਜਮਾਨ ਸੀ। ਅਸੀਂ ਜਾ ਆਪਣਾ ਫਿਕਰ ਦਸਿਐ ਤੇ ਕਿਹਾ ਉਪਰ ਵਾਲੇ ਦਾ ਸ਼ੁਕਰ ਏ ਕਿ ਦਰਬਾਰਾ ਸਿੰਘਾ ਤੂੰ ਬਚ ਗਿਆ ਏਂ। ਤੇਰੇ ਬਿਨਾਂ ਤਾਂ ਪੰਜਾਬ ਨੇ ਰੰਡਿਆਂ ਹੋ ਜਾਣਾ ਸੀ। ਉਹ ਕਹਿਣ ਲੱਗਾ ਮਰਾਸੀਓ ਫਿਕਰ ਨਾ ਕਰੋ, ਉਹ ਬੰਬ ਫਟਣ ਵਾਲਾ ਨਹੀਂ ਸੀ, ਇਹਦਾ ਮੈਨੂੰ ਪਹਿਲੇ ਹੀ ਪਤਾ ਸੀ। ਅਸੀਂ ਹੈਰਾਨ ਕਿ ਜੇ ਇਸਨੂੰ ਪਹਿਲੇ ਹੀ ਪਤਾ ਸੀ ਤਾਂ ਉਸਨੇ ਰੋਕਿਆ ਕਿਉਂ ਨਾ ? ਫੇਰ ਉਹਨੇ ਹੌਲੇ ਜਿਹੇ ਸਾਡੇ ਕੰਨ ਵਿਚ ਦਸਿਆ, "ਮਰਾਸੀਓ ਇਹ ਤਾਂ ਬੰਬ ਮੈਂ ਆਪਣੇ ਉਤੇ ਆਪ ਸੁੱਟਵਾਇਆ ਸੀ। ਦਿੱਲੀ ਵਾਲੀ ਬੀਬੀ ਉਤੇ ਪ੍ਰਭਾਵ ਪਾਉਣ ਲਈ ਕਿ ਦੇਖ ਬੀਬੀ ਅਸੀਂ ਤੇਰੇ ਲਈ ਕੀ ਕੀ ਜਫ਼ਰ ਝੱਲਦੇ ਹਾਂ।" ਲਓ ਜੀ, ਉਹਨੇ ਗੱਲ ਤਾਂ ਸਾਡੇ ਕੰਨ ਵਿਚ ਦੱਸੀ ਸੀ ਪਰ ਅਸੀਂ ਹੋਏ ਭੰਡ— ਅਸੀਂ ਕੰਨ ਵਿਚ ਕਹੀ ਗੱਲ ਨੂੰ ਜਗ ਵਿਚ ਭੰਡਦੇ ਹਾਂ।...

ਹਾਂ ਤੇ ਪੁਤਾ ਹੁਣ ਕਿਹੜੀ ਬਾਤ ਪਾਈਏ ?
ਮੁੰਡਾ : ਬਾਪੂ ਕੋਠੇ ਵਾਲੀ ਬਾਤ ਪਾਈਏ
ਬਾਪੂ : ਫੇਰ ਹੋ ਜਾ ਤਿਆਰ
ਮੁੰਡਾ : ਹੋ ਗਿਆ ਬਾਪੂ
ਬਾਪੂ : ਜਜਮਾਨੋ ਰੌਲਾ ਇਕ ਵੇ ਕਿ ਮੈਂ ਸਾਰੀ ਉਮਰ ਦੀ ਕਮਾਈ ਨਾਲ ਇਕ ਕੋਠਾ ਪਾਇਆ ਏ ਤੇ ਇਹ ਮੁੰਡਾ ਕਹਿੰਦਾ ਏ ਕਿ ਮੈਂ ਇਹ ਢਾਹ ਦੇਣਾ ਏਂ।
ਮੁੰਡਾ : ਬਾਪੂ ਮੈਂ ਤਾਂ ਕੋਠਾ ਢਾ ਦੇਣੈਂ।
ਬਾਪੂ : ਨਾ ਪੁੱਤ ਢਾਹਣਾ ਕਾਹਨੂੰ ਏ ?
ਮੁੰਡਾ : ਬਸ ਮੈਂ ਢਾਹ ਦੇਣਾ ਏਂ।
ਬਾਪੂ : ਪੁੱਤ ਇਹ ਤੇਰੀ ਮਾਂ ਨੇ ਰੀਝਾਂ ਨਾਲ ਬਣਵਾਇਆ।
ਮੁੰਡਾ : ਮੈਨੂੰ ਨਹੀਂ ਪਤਾ, ਮੈਂ ਢਾਹ ਦੇਣੈ।
ਬਾਪੂ : ਇਹਦੀਆਂ ਕੰਧਾਂ ਤੇ ਤੇਰੀ ਮਾਂ ਨੇ ਮੋਰ ਬਣਾਏ।
ਮੁੰਡਾ : ਪਏ ਬਣਾਏ ਹੋਣ, ਮੈਂ ਢਾਅ ਦੇਣਾ ਏ।
ਬਾਪੂ : ਵੇਖ ਇਹਦੇ ਦਰਵਾਜੇ ਦੀ ਲੱਕੜ— ਕਿਆ ਮਜ਼ਬੂਤ ਏ। ਚੋਰ ਆਉਣ ਕੰਧ ਢੱਠ ਜਾਏ, ਦਰਵਾਜ਼ਾ ਨਾ ਟੁੱਟੇ।
ਮੁੰਡਾ : ਚੋਰ ਅਗੇ ਚਾਰ ਪੀੜੀਆਂ ਨਾ ਆਏ, ਹੁਣ ਕੀ ਕਰਨ ਆਉਣਗੇ ? ਬਸ ਮੈਂ ਢਾਹ ਦੇਣੈ।
ਬਾਪੂ—ਕੋਠੇ ਲਈ ਮਿੱਟੀ ਮੈਂ ਜੋੜੇ ਵਾਲੇ ਛੱਪੜ ਤੋਂ ਲਿਆਂਦੀ। ਸੀਮਿੰਟ ਨਾਲੋਂ ਪੱਕੀ।
ਮੁੰਡਾ ; ਪਈ ਪੱਕੀ ਹੋਵੇ ਮੈਂ ਤਾਂ ਬਸ ਢਾਹ ਦੇਣੈ
ਬਾਪੂ ; ਕੋਠੇ ਵਿਚ ਨਲਕਾ ਲੱਗਿਆ 60 ਫੁੱਟ ਬੋਰ ਵਾਲਾ,

(ਬਾਕੀ ਸਫਾ 27 'ਤੇ)

ਕਹਾਣੀ

# ਪੰਜ ਘੜਿਆਂ ਦਾ ਤਾਜ ਮਹਲ

ਮੂਲ : ਖ਼ਵਾਜਾ ਅਹਿਮਦ ਅੱਬਾਸ
ਅਨੁ : ਗੁਰਦਿਆਲ ਦਲਾਲ

ਲੋਕ ਮੈਨੂੰ ਪਾਗਲ ਕਹਿੰਦੇ ਹਨ, ਕਿਉਂਕਿ ਮੈਂ ਪੰਜ ਰੁਪਿਆਂ ਵਿਚ ਪੰਜ ਘੜਿਆਂ ਦਾ ਤਾਜ ਮਹਲ ਬਣਾਇਆ ਸੀ। ਪਰ ਸ਼ਾਹ ਜਹਾਨ ਨੂੰ ਕੋਈ ਪਾਗਲ ਨਹੀਂ ਕਹਿੰਦਾ, ਜਿਸਨੇ ਲੱਖਾਂ ਰੁਪਿਆ ਖ਼ਰਚ ਕੇ ਅਤੇ ਹਜ਼ਾਰਾਂ ਗੁਲਾਮਾਂ ਦੀ ਮਿਹਨਤ ਨਾਲ ਤਾਜਮਹਲ ਬਣਾਇਆ ਸੀ, ਜਿਸਨੂੰ ਦੂਰ ਦੂਰ ਦੇ ਦੇਸ਼ਾਂ ਤੋਂ ਲੋਕ ਦੇਖਣ ਵੀ ਆਉਂਦੇ ਹਨ। ਮਥਰਾਂ ਦੀ ਰਿਫਾਇਨਰੀ ਤੇ ਬੜੇ ਇਤਰਾਜ਼ ਉਠਾਏ ਜਾਂਦੇ ਹਨ ਕਿ ਇਸ ਦੀ ਜ਼ਹਿਰੀਲੀ ਹਵਾ ਅਤੇ ਕੋਇਲੇ ਦੇ ਕਣ ਸਫ਼ੈਦ ਸੰਗਮਰਮਰ ਦੇ ਤਾਜਮਹਲ ਨੂੰ ਨੁਕਸਾਨ ਪੁਚਾਉਣਗੇ। ਕੋਈ ਵੀ ਉਸ ਨੂੰ ਪਾਗਲ ਨਹੀਂ ਕਹਿੰਦਾ। ਸਗੋਂ ਕਹਿੰਦੇ ਹਨ ਕਿ ਇਹ ਤਾਂ ਇਕ ਸ਼ਹਿਨਸ਼ਾਹ ਦੀ ਮੁਹੱਬਤ ਦੀ ਨਿਸ਼ਾਨੀ ਹੈ। ਪਰ ਮੇਰਾ ਤਾਜਮਹਲ ਵੀ ਤਾਂ ਇਕ ਗਰੀਬ ਇਨਸਾਨ ਦੀ ਮੁਹੱਬਤ ਦੀ ਨਿਸ਼ਾਨੀ ਹੀ ਸੀ ਅਤੇ ਜਿਥੋਂ ਤੱਕ ਮੁਹੱਬਤ ਕਰਨ ਦਾ ਸਵਾਲ ਹੈ ਅਤੇ ਉਸ ਦੀਆਂ ਨਿਸ਼ਾਨੀਆਂ ਤੇ ਕੀਮਤ ਨੂੰ ਸਮਝਣ ਦਾ ਸਵਾਲ ਹੈ, ਇਕ ਸ਼ਹਿਨਸ਼ਾਹ ਵੀ ਇਕ ਇਨਸਾਨ ਹੀ ਹੁੰਦਾ ਹੈ। ਤਦੇ ਤਾਂ ਉਹ ਪਿਆਰ ਕਰਦਾ ਹੈ ਅਤੇ ਕਰ ਸਕਦਾ ਹੈ। ਸ਼ਾਹਜਹਾਨ ਦੀ ਮੁਹੱਬਤ ਤਾਂ ਮਸ਼ਹੂਰ ਹੈ। ਮੇਰੀ ਮੁਹੱਬਤ ਦੀ ਕਹਾਣੀ ਕੋਈ ਨਹੀਂ ਜਾਣਦਾ। ਇਸ ਲਈ ਬਿਨਾਂ ਦੱਸੇ ਤੁਹਾਡੀ ਸਮਝ ਵੀ ਨਹੀਂ ਆਵੇਗੀ ਕਿ ਉਨ੍ਹਾਂ ਪੰਜ ਘੜਿਆਂ ਦੇ ਤਾਜਮਹਲ ਨਾਲ ਮੈਨੂੰ ਇੰਨਾ ਪਿਆਰ ਕਿਉਂ ਸੀ।

ਮੈਂ ਬਿਹਾਰ ਦੇ ਇਕ ਪਿੰਡ ਵਿਚ, ਇਕ ਮੋਚੀ ਪਰਿਵਾਰ ਵਿਚ ਪੈਦਾ ਹੋਇਆ ਸਾਂ। ਮੋਚੀ 'ਅਛੂਤ' ਹੁੰਦੇ ਹਨ, ਘੱਟੋ ਘੱਟ ਕਹਾਉਂਦੇ ਤਾਂ ਹਨ ਹੀ। ਸੁਣਿਆ ਹੈ, ਮਹਾਤਮਾ ਗਾਂਧੀ ਨੇ ਸਾਨੂੰ ਸਾਰਿਆਂ ਨੂੰ ਹਰੀਜਨ ਬਣਾ ਦਿੱਤਾ ਸੀ, ਮਤਲਬ ਭਗਵਾਨ ਦੀ ਸੰਤਾਨ। ਪਰ ਕਿਉਂਕਿ ਭਗਵਾਨ ਨੇ ਸਾਡੀ ਹਾਲਤ ਸੁਧਾਰਨ ਲਈ ਕੋਈ ਖਾਸ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਕਿਸੇ ਇਨਸਾਨ ਨੇ, ਇਸ ਲਈ ਅਸੀਂ ਮੋਚੀ ਦੇ ਮੋਚੀ ਹੀ ਰਹੇ। ਸਾਨੂੰ ਪਿੰਡ ਦੇ ਪੱਕੇ ਖੂਹ 'ਚੋਂ ਪਾਣੀ ਭਰਨ ਦਾ ਅਧਿਕਾਰ ਅਜੇ ਤੱਕ ਨਹੀਂ ਮਿਲਿਆ।

ਮੈਂ ਮੋਚੀ ਦਾ ਪੁੱਤ ਸਾਂ, ਇਸ ਲਈ ਆਪਣੇ ਪਿਉ ਤੋਂ ਮੋਚੀਪੁਣਾ ਹੀ ਸਿੱਖਿਆ। ਮਤਲਬ, ਜੁੱਤੀਆਂ ਬਣਾ-ਉਣਾ, ਚਮੜੇ ਅਤੇ ਖੱਲਾਂ ਦੀ ਪਛਾਣ ਕਰਨਾ ਤੇ ਉਸ ਦਾ ਕਾਰੋਬਾਰ। ਇਸੇ ਲਈ ਤਾਂ ਅਸੀਂ ਅਜੀਬ ਲੋਕ ਅਛ ਸਾਂ। ਜਦੋਂ ਕਿਸੇ ਉੱਚੀ ਜਾਤ ਵਾਲੇ ਦਾ ਕੋਈ ਬਲਦ ਜਾਂ ਹੋਰ ਡੰਗਰ ਮਰ ਜਾਂਦਾ ਤਾਂ ਸਾਨੂੰ ਹੀ ਉਸ ਨੂੰ ਚੁੱਕਣ ਲਈ ਸੱਦਿਆ ਜਾਂਦਾ। ਤਦੇ ਤਾਂ ਮੇਰੇ ਦਿਮਾਗ ਵਿਚੋਂ ਅਕਸਰ ਅਜਿਹੇ ਸਵਾਲ ਉੱਠਦੇ ਸਨ ਕਿ ਆਖ਼ਰ ਰੱਬ ਨੇ ਇਹ ਕਿਹੋ ਜਿਹੀ ਦੁਨੀਆਂ ਬਣਾਈ ਹੈ ? ਦੁਨੀਆਂ ਵਿਚ ਜਿਹੜੇ ਲੋਕ ਕਪੜੇ ਗੰਦੇ ਕਰਦੇ ਹਨ, ਉਹ ਤਾਂ ਉੱਚੀ ਜਾਤ ਦੇ ਲੋਕ ਕਹਾਉਂਦੇ ਹਨ, ਪਰ ਜਿਹੜੇ ਧੋਬੀ ਉਨ੍ਹਾਂ ਕਪੜਿਆਂ ਨੂੰ ਧੋ ਕੇ, ਪ੍ਰੈਸ ਕਰਕੇ ਸਾਫ਼-ਸੁਥਰੇ ਬਣਾਉਂਦੇ ਹਨ, ਉਹ ਧੋਬੀ, ਨੀਵੀਂ ਜਾਤ ਵਾਲੇ ਅਤੇ ਅਛੂਤ ਕਹਾਉਂਦੇ ਹਨ। ਜਿਹੜੇ ਜੁੱਤੀ ਪਹਿਨਦੇ ਹਨ, ਉਹ ਉੱਚੀ ਜਾਤ ਵਾਲੇ ਤੇ ਜੁੱਤੀਆਂ ਨੂੰ ਬਣਾਉਣ ਵਾਲੇ ਮੋਚੀ ਕਹਾਉਂਦੇ ਹਨ। ਉਨ੍ਹਾਂ ਦੀ ਜਾਤ ਨੂੰ ਨੀਵੇਂ ਦਰਜੇ ਦੀ ਕਿਹਾ ਜਾਂਦਾ ਹੈ। ਜਿਹੜੇ ਗੰਦ ਪਾਉਂਦੇ ਹਨ ਉਹ ਸ਼ਰੀਫ਼, ਉੱਚੀ ਜਾਤ ਵਾਲੇ ਤੇ ਗੰਦਗੀ ਦੂਰ ਕਰਨ ਵਾਲੇ ਭੰਗੀ ਤੇ ਚੂਹੜੇ।

ਮੈਂ ਸੋਚਿਆ ਕਿ ਥੋੜ੍ਹਾ ਹੋਰ ਵੱਡਾ ਹੋ ਜਾਵਾਂ, ਫਿਰ ਆਪਣੇ ਪਿਉ ਨੂੰ ਇਹ ਸਵਾਲ ਪੁੱਛਾਂਗਾ। ਕਿਉਂਕਿ ਮੇਰੇ ਖਿਆਲ ਅਨੁਸਾਰ ਉਸ ਤੋਂ ਵੱਧ ਅਕਲ ਵਾਲਾ ਬੰਦਾ ਹੋਰ ਕੋਈ ਨਹੀਂ ਸੀ। ਪਰ ਮਲੇਰੀਏ ਨੇ ਪਹਿਲਾਂ ਮੇਰੇ ਪਿਉ ਦੀ ਜਾਨ ਲਈ ਅਤੇ ਬਾਦ ਵਿਚ ਮੇਰੀ ਮਾਂ ਵੀ ਇਸੇ ਬੁਖ਼ਾਰ ਨਾਲ ਪਰਲੋਕ ਸਿਧਾਰ ਗਈ।

ਮੈਨੂੰ ਪਿਉ ਦੀ ਹੱਟ ਤੇ ਬੈਠਣਾ ਪਿਆ। ਫਿਰ ਜੋ ਵੀ ਉਸ ਨੇ ਸਿਖਾਇਆ ਸੀ, ਉਸੇ ਤੋਂ ਆਪਣਾ ਧੰਦਾ ਸ਼ੁਰੂ ਕਰ ਦਿੱਤਾ। ਥੋੜ੍ਹੇ ਹੀ ਦਿਨਾਂ ਵਿਚ ਮੇਰੀ ਦੁਕਾਨ ਦੀ ਚੰਗੀ ਸ਼ਾਖ ਬਣ ਗਈ ਅਤੇ ਦੂਰ-ਦੂਰ ਤੋਂ ਲੋਕੀ ਮੇਰੇ ਕੋਲ ਆਉਣ ਲੱਗੇ।

ਇਕ ਦਿਨ ਸਾਡੇ ਹੀ ਪਿੰਡ ਦੀ ਮੋਚੀ ਬਰਾਦਰੀ ਦਾ ਮੁਖੀ ਚੌਧਰੀ ਘਸੀਟਾ ਰਾਮ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ :

'ਪੁੱਤਰਾ, ਮੈਂ ਤਾਂ ਇਸ ਕੰਮ ਤੋਂ ਮੁਕਤੀ ਲੈ ਲਈ, ਬੁੱਢਾ ਜੋ ਹੋ ਗਿਆ ਹਾਂ। ਸੋ ਹੁਣ ਜੁੱਤੀਆਂ ਨਹੀਂ ਬਣਦੀਆਂ। ਤੂੰ ਮੇਰੇ ਵਾਸਤੇ ਇਕ ਜੋੜਾ ਬਣਾ ਸਕਦਾ ਏਂ ?'

'ਕਿਉਂ ਚੌਧਰੀ, ਤੈਨੂੰ ਇਨਕਾਰ ਕਰਕੇ ਮੈਂ ਪਾਪੀ ਬਣ ਜਾਵਾਂ ? ਤੂੰ ਆਪਣਾ ਪੈਰ ਇਸ ਕਾਗਜ਼ ਤੇ ਰੱਖ ਦੇ। ਬਾਕੀ ਕੰਮ ਮੇਰਾ।'

ਚੌਧਰੀ ਨੰਗੇ ਪੈਰੀਂ ਦੁਕਾਨ ਤੇ ਆਇਆ ਸੀ। ਅਸਲ ਵਿਚ ਸਾਡੇ ਪਿੰਡ ਦੇ ਜੋ ਮੋਚੀ ਸਨ, ਉਹ ਜੁੱਤੀਆਂ ਜ਼ਰੂਰ ਬਣਾਉਂਦੇ ਸਨ, ਪਰ ਉਨ੍ਹਾਂ ਚੋਂ ਬਹੁਤੇ ਅਕਸਰ ਨੰਗੇ ਪੈਰੀਂ ਹੀ ਘੁੰਮਦੇ ਸਨ। ਸੋ ਚੌਧਰੀ ਬੋਲਿਆ :

'ਜੁੱਤੀ ਮੈਂ ਆਪਣੇ ਵਾਸਤੇ ਨਹੀਂ ਬਣਾਉਣੀ

ਸ਼ੇਰਾ...ਮੇਰੀ ਕੁੜੀ ਏ। ਉਸ ਵਾਸਤੇ ਬਣਾਉਣੀ ਏ। ਉਹਦੇ ਪੈਰ ਦਾ ਨਾਪ ਲੈਣ ਮੇਰੇ ਘਰ ਆਉਣਾ ਪਵੇਗਾ।'

ਮੈਂ ਕਿਹਾ, 'ਚੰਗਾ ਚੌਧਰੀ, ਮੈਂ ਸ਼ਾਮੀਂ ਦੁਕਾਨ ਬੰਦ ਕਰਕੇ ਆਵਾਂਗਾ ਤੇਰੇ ਘਰ।'

ਸ਼ਾਮ ਹੁੰਦਿਆਂ ਹੀ ਮੈਂ ਦੁਕਾਨ ਬੰਦ ਕੀਤੀ। ਤਾਲਾ ਲਾਇਆ ਤੇ ਚੌਧਰੀ ਦੀ ਝੌਂਪੜੀ ਵੱਲ ਚੱਲ ਪਿਆ। ਉਥੇ ਪਹੁੰਚਿਆ ਤਾਂ ਚੌਧਰੀ ਮੇਰੀ ਉਡੀਕ ਵਿਚ ਬੈਠਾ ਸੀ। ਵੇਖਦਿਆਂ ਹੀ ਉਸ ਨੇ ਜ਼ੋਰ ਨਾਲ ਅਵਾਜ਼ ਦਿੱਤੀ, 'ਏ ਲੱਛਮੀ, ਉਰੇ ਆ, ਤੇਰੇ ਲਈ ਜੁੱਤੀ ਬਣਾਉਣੀ ਏ। ਉਹਦੇ ਵਾਸਤੇ ਆਪਣੇ ਮਿੱਤਰ ਸੁੱਖੇ ਰਾਮ ਦੇ ਮੁੰਡੇ ਭੁੱਖੇ ਨੂੰ ਬੁਲਾਇਆ ਏ।'

ਲੱਛਮੀ ਬਾਹਰ ਆਈ ਤਾਂ ਮੈਂ ਉਸ ਨੂੰ ਦੇਖਦਾ ਹੀ ਰਹਿ ਗਿਆ—ਸਾਲ ਪੰਦਰਵਾ ਜਾਂ ਸੋਲਵਾਂ.. ਸੁਪਨਿਆਂ ਦੀ ਰਾਣੀ . ਮੁਰਾਦਾਂ ਦੇ ਦਿਨ!

ਪਿਆਰ ਕੀ ਹੁੰਦਾ ਹੈ, ਇਹ ਤਾਂ ਮੈਨੂੰ ਪਤਾ ਨਹੀਂ ਸੀ। ਪਰ ਜੇ ਇਸ ਨੂੰ ਪਿਆਰ-ਮੁਹੱਬਤ ਕਹਿੰਦੇ ਹਨ ਤਾਂ ਫਿਰ ਮੈਨੂੰ ਪਹਿਲੀ ਨਜ਼ਰੇ ਹੀ ਲੱਛਮੀ ਨਾਲ ਪਿਆਰ ਹੋ ਗਿਆ। ਉਸ ਦੀਆਂ ਸੁਰਮੇ ਭਰੀਆਂ ਅੱਖਾਂ ਵਿਚ ਮਸਤੀ ਹੀ ਮਸਤੀ ਸੀ। ਕਟੋਰੇ ਵਰਗੀਆਂ ਸੁਰਮਈ ਅੱਖਾਂ ਜਿਵੇਂ ਜੰਗਲੀ ਹਿਰਨੀ ਦੀਆਂ ਹੁੰਦੀਆਂ ਹਨ, ਉਨ੍ਹਾਂ ਵਿਚ ਸੁਰਮੇ ਦੀ ਲਕੀਰ ਗਜ਼ਬ ਢਾਹ ਰਹੀ ਸੀ। ਉਹ ਬੋਲੀ:

'ਮੁਤਰ-ਮੁਤਰ ਕੀ ਝਾਕਦੈਂ? ਬਣਾਏਂਗਾ ਜੁੱਤੀ ਮੇਰੀ?' ਤਾਂ ਜਾ ਕੇ ਮੈਨੂੰ ਹੋਸ਼ ਆਈ। ਮੈਂ ਕਿਹਾ, 'ਜੁੱਤੀ ਬਣਾਵਾਂਗਾ, ਤਦੇ ਤਾਂ ਐਥੇ ਆਇਆ ਹਾਂ। ਰੱਖ ਆਪਣਾ ਪੈਰ ਇਸ ਕਾਗਜ਼ ਤੇ...ਤੇਰੇ ਪੈਰ ਦਾ ਨਕਸ਼ਾ ਤਿਆਰ ਕਰ ਲਵਾਂ।'

ਉਸ ਨੇ ਝੱਟ ਆਪਣਾ ਸੱਜਾ ਪੈਰ ਮੇਰੇ ਅਖ਼ਬਾਰ ਦੇ ਕਾਗਜ਼ ਤੇ ਧਰ ਦਿੱਤਾ। ਕਿੰਨਾ ਸਡੌਲ ਪੈਰ ਸੀ। ਮਨ ਕਰਦਾ ਸੀ, ਉਸਨੂੰ ਵੇਖਦਾ ਹੀ ਰਹਾਂ ਪਰ ਮੇਰੇ ਦਿਲ ਨੇ ਕਿਹਾ, 'ਚੌਧਰੀ ਨੂੰ ਪਤਾ ਲੱਗ ਗਿਆ ਤਾਂ ਜੁੱਤੀਆਂ ਨਾਲ ਖ਼ਬਰ ਲਊ ਤੇਰੀ।' ਸੋ ਮੈਂ ਆਪਣੀ ਪੈਂਸਿਲ ਨਾਲ ਪੈਰ ਦੇ ਦੁਆਲੇ ਲੀਕ ਖਿੱਚ ਲਈ। ਜਦੋਂ ਉਸ ਦੇ ਪੈਰ ਨੂੰ ਮੇਰਾ ਹੱਥ ਲਗਿਆ, ਉਸ ਨੇ ਹਟਾਇਆ ਨਾ। ਸ਼ਾਇਦ ਉਸ ਨੂੰ ਵੀ ਮੇਰੇ ਹੱਥ ਦਾ ਛੂਹਣਾ ਚੰਗਾ ਲੱਗਿਆ ਹੋਵੇ। ਵਿਆਹ ਮਗਰੋਂ ਉਸ ਨੇ ਦਸਿਆ ਸੀ ਕਿ ਉਸ ਦੇ ਦਿਲ ਵਿਚ ਉਸੇ ਦਿਨ ਤੋਂ ਧੱਕ-ਧੱਕ ਸ਼ੁਰੂ ਹੋ ਗਈ ਸੀ।

ਮੈਂ ਦੋਹਾਂ ਪੈਰਾਂ ਦੀ ਤਸਵੀਰ ਬਣਾ ਕੇ ਆਪਣੀ ਝੌਂਪੜੀ 'ਚ ਪੁੱਜ ਗਿਆ। ਸਾਰੇ ਚਮੜਿਆਂ ਵਿਚੋਂ ਵਧੀਆ, ਲਾਲ ਅਤੇ ਚੀਕਣਾ ਚਮੜਾ ਛਾਂਟਿਆ ਤੇ ਜੁੱਤੀ ਬਣਾਉਣ ਬਹਿ ਗਿਆ। ਰਾਤ ਭਰ ਬਣਾਉਂਦਾ ਰਿਹਾ। ਕੁਝ ਸੋਚ ਕੇ ਮੈਂ ਉਸ ਦੀ ਜੁੱਤੀ ਵਿਚ ਜਿੰਨੀ ਖ਼ੂਬਸੂਰਤੀ ਭਰ ਸਕਦਾ ਸਾਂ, ਭਰਦਾ ਗਿਆ। ਲਾਲ ਸਬਜ਼ ਰੇਸ਼ਮ ਦੇ ਫੁੰਦੇ ਲਗਾਏ, ਸਗੋਂ ਬਾਦ ਵਿਚ ਕੁਝ ਹੋਰ ਸੋਚ ਕੇ ਆਪਣੀ ਸਵਰਗਵਾਸੀ ਮਾਂ ਦੇ ਟਰੰਕ 'ਚੋਂ ਚਾਂਦੀ ਦੇ ਝੁਮਕੇ ਕੱਢੇ ਤੇ ਇਕ-ਇਕ ਝੁਮਕਾ ਦੋਹਾਂ ਜੁੱਤੀਆਂ ਤੇ ਜੜ ਦਿੱਤਾ। ਦੁਪਹਿਰ ਆ ਚੜ੍ਹੀ ਸੀ, ਜਦੋਂ ਮੈਂ ਜੁੱਤੀ ਦਾ ਕੰਮ ਮੁਕਾਇਆ। ਇਸ ਸਮੇਂ ਦੌਰਾਨ ਪਿੰਡ ਦੇ ਜਿੰਨੇ ਬੰਦੇ ਆਪਣੀਆਂ ਜੁੱਤੀਆਂ ਗੰਢਾਉਣ ਜਾਂ ਮੁਰੰਮਤ ਕਰਵਾਉਣ ਆਏ, ਉਨ੍ਹਾਂ ਸਾਰਿਆਂ ਨੂੰ ਮੈਂ ਛਿਦਨ ਦੀ ਦੁਕਾਨ ਵੱਲ ਤੋਰਦਾ ਰਿਹਾ। ਮੈਂ ਕਿਹਾ, 'ਇਹ ਗੱਠ-ਤੁੱਪ ਉਸ ਕੋਲੋਂ ਕਰਵਾ ਲਉ, ਚੁਸਤ ਲੜਕਾ ਏ, ਮੈਂ ਇਹ ਜ਼ਰੂਰੀ ਜੁੱਤੀ ਬਣਾ ਰਿਹਾ ਹਾਂ। ਜਦੋਂ ਤਕ ਨਹੀਂ ਬਣ ਜਾਂਦੀ, ਹੋਰ ਕੰਮ ਹੱਥ 'ਚ ਕਿਵੇਂ ਲੈ ਲਵਾਂ?'

'ਕਿਹੜੀ ਕੁੜੀ ਦੀਆਂ ਜੁੱਤੀਆਂ ਨੂੰ ਚੁੰਬੜਿਆ ਏਂ? ਬਿਰਾਦਰੀ ਦੇ ਇਕ ਮੁੰਡੇ ਨੇ ਮੈਨੂੰ ਪੁਛਿਆ। ਕੋਲ ਹੀ ਖੜ੍ਹੇ ਦੂਜੇ ਲੜਕੇ ਨੇ ਕਿਹਾ, 'ਬਈ, ਇਹ ਤਾਂ ਕਿਸੇ ਰਾਜਕੁਮਾਰੀ ਦੀ ਜੁੱਤੀ ਬਣਾ ਰਿਹਾ ਏ। ਚਾਂਦੀ ਦੇ ਗਹਿਣੇ ਵਿਚ ਲੱਗ ਰਹੇ ਨੇ।'

ਮੈਂ ਬੋਲਿਆ, ਭਾਊ ਤੂੰ ਕੀ ਜਾਣੇ?_ ਇਕ ਰਾਜਕੁਮਾਰੀ ਦੀ ਜੁੱਤੀ ਹੀ ਤਾਂ ਬਣਾ ਰਿਹਾ ਹਾਂ। ਹੋਰ ਕੀ ਤੇਰੇ ਵਰਗੇ ਚਮਾਰ ਦੀ ਬੀਵੀ ਅਜਿਹੀ ਜੁੱਤੀ ਪਾਵੇਗੀ?"

ਦੁਪਹਿਰ ਤਪ ਰਹੀ ਸੀ, ਜਦੋਂ ਜੁੱਤੀ ਨੂੰ ਇਕ ਸਾਫ਼ ਕਪੜੇ ਵਿਚ ਲਪੇਟ ਕੇ ਕੱਛ 'ਚ ਦਬਾ ਲਿਆ ਤੇ ਚੌਧਰੀ ਦੇ ਘਰ ਨੂੰ ਤੁਰ ਪਿਆ। ਘਰ ਪੁੱਜਾ ਤਾਂ ਚੌਧਰੀ ਉਥੇ ਨਹੀਂ ਸੀ। ਬਸ ਇਕੱਲੀ ਲਛਮੀ ਸੀ। ਮੈਨੂੰ ਵੇਖਦਿਆਂ ਹੀ ਬੋਲ ਪਈ:

"ਫੇਰ ਕਿਉਂ ਆ ਗਿਆਂ? ਕੀ ਫੇਰ ਆਪਣੀ ਪਿਲਸਣ ਨਾਲ ਮੇਰੇ ਪੈਰਾਂ ਵਿਚ ਕੁਤਕੁਤਾਰੀਆਂ ਕੱਢੇਂਗਾ?"

ਮੈਂ ਕਿਹਾ, "ਜੁੱਤੀ ਬਣਾ ਲਿਆਇਆ ਹਾਂ ਤੇਰੀ।"

ਉਹ ਹੈਰਾਨ ਰਹਿ ਗਈ ਤੇ ਬੋਲੀ, "ਸੱਚ? ਐਨੀ ਛੇਤੀ। ਠੀਕ ਵੀ ਬਣਾਈ ਏ? ਐਵੇਂ ਤਾਂ ਨਹੀਂ ਤੁੱਥ ਮੁੱਥ ਕਰਕੇ ਜੁੱਤੀ ਦਾ ਨਾਸ ਮਾਰ ਤਾ?".

"ਦੇਖ ਕੇ ਦੱਸ ਦੇ ਕਿਵੇਂ ਬਣੀ ਏ?" ਕਹਿੰਦਿਆਂ ਮੈਂ ਜੁੱਤੀ ਉਪਰੋਂ ਕਪੜਾ ਹਟਾਇਆ। ਉਹ ਤਾਂ ਵੇਖਦੀ ਹੀ ਹੈਰਾਨ ਰਹਿ ਗਈ, 'ਜੁੱਤੀ ਤਾਂ ਬੜੀ ਸ਼ਾਨਦਾਰ ਬਣੀ ਏ', ਪਰ ਮੇਰੇ ਪੈਰਾਂ 'ਚ ਵੀ ਆਊ?"

"ਹੱਥ ਕੰਗਣ ਨੂੰ ਆਰਸੀ ਕੀ?...ਵੇਖ ਲੈ ਪਾ ਕੇ।" ਮੈਂ ਕਿਹਾ।

ਉਸ ਨੇ ਜੁੱਤੀ ਪਾਈ ਤਾਂ ਇਉਂ ਲੱਗਾ ਕਿ ਕੇਵਲ ਉਸ ਦੇ ਪੈਰਾਂ ਲਈ ਹੀ ਬਣਾਈ ਗਈ ਹੈ," ਇਹ ਤਾਂ

ਬਿਲਕੁਲ ਠੀਕ ਆਉਂਦੀ ਏ । ਮੈਂ ਤਾਂ ਸੋਚਿਆ ਕਿਤਿਉਂ ਐਧਰੋਂ ਉਧਰੋਂ ਚੁੱਕ ਲਿਆਇਆ ਹੋਊ ।"

ਇੰਨੇ ਵਿਚ ਚੌਧਰੀ ਵੀ ਲਾਠੀ ਖੜਕਾਉਂਦਾ ਆ ਗਿਆ ਤੇ ਬੋਲਿਆ :

"ਕਿਉਂ ਬਈ ਭੁੱਖਾ ਰਾਮ, ਐਨੀ ਛੇਤੀ ਜੁੱਤੀ ਬਣਾ ਲਿਆਇਆਂ ?

ਮੈਂ ਕਿਹਾ, 'ਮੈਂ ਤਾਂ ਕੋਈ ਖਾਸ ਜਲਦੀ ਨਹੀਂ ਕੀਤੀ। ਬੱਸ, ਐਨੀ ਹੀ ਦੇਰ ਲੱਗਦੀ ਏ ਜੁੱਤੀ ਬਨਾਉਣ ਨੂੰ। ਦੇਖ ਲਉ, ਠੀਕ ਏ ਨਾ ?'

ਹੁਣ ਚੌਧਰੀ ਨੇ ਉਧਰ ਨਜ਼ਰ ਫੇਰੀ ਤਾਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ, 'ਬਈ ਇਹ ਤਾਂ ਬੜੀ ਮਹਿੰਗੀ ਹੋਊ। ਚਾਂਦੀ ਦੇ ਘੁੰਗਰੂ ਲੱਗੇ ਨੇ ਇਹਦੇ ਵਿਚ ਤਾਂ...ਚਮੜੇ ਵਾਲੀ ਵੀ ਹੱਦ ਹੀ ਕਰ ਦਿੱਤੀ ਤੂੰ ਤਾਂ।'

'ਚਮੜਾ ਤਾਂ ਲਾਉਣਾ ਹੀ ਸੀ। ਰਹੀ ਘੁੰਗਰੂਆਂ ਦੀ ਗੱਲ, ਇਹ ਤਾਂ ਮੇਰੀ ਮਾਂ ਦੇ ਸੀ। ਘਰ 'ਚ ਬੇਕਾਰ ਪਏ ਸੀ। ਸੋਚਿਆ, ਇਸ ਜੁੱਤੀ ਤੇ ਹੀ ਟੰਗ ਦਿਆਂ।'

'ਲਾਹ ਦੇ ਜੁੱਤੀ ਲਛਮੀ'।' ਚੌਧਰੀ ਨੇ ਹੁਕਮ ਦਿੱਤਾ, 'ਇਹ ਤੇਰੇ ਦਹੇਜ ਵਿਚ ਕੰਮ ਆਊ... ਪਰ ਬਈ ਭੁੱਖਾ ਰਾਮ...ਅਸੀਂ ਐਨੇ ਪੈਸੇ ਤਾਂ ਨਹੀਂ ਦੇ ਸਕਦੇ... ਮੈਂ ਤਾਂ ਸੋਚਿਆ ਸੀ ਤੂੰ ਸਿੱਧੀ-ਸਾਦੀ ਜੁੱਤੀ ਬਣਾਵੇਂਗਾ।'

ਮੈਂ ਕਿਹਾ, 'ਤਾਇਆ, ਮੁੱਲ ਦੀ ਗੱਲ ਹੀ ਕੌਣ ਕਰ ਰਿਹਾ ਏ ? ਮੈਂ ਤਾਂ ਇਹ ਜੁੱਤੀ ਤੁਹਾਡੀ ਨਜ਼ਰ ਲਿਆਇਆ ਹਾਂ। ਮੇਰਾ ਪਿਉ ਅੱਜ ਜਿਉਂਦਾ ਹੁੰਦਾ ਤਾਂ ਤੈਥੋਂ ਕੀਮਤ ਲੈਂਦਾ ?...ਮੈਂ ਉਸੇ ਦਾ ਪੁੱਤ ਹਾਂ।'

'ਜਿਉਂਦਾ ਰਹੇਂ ਪੁੱਤਰਾ...ਅੱਜ ਕੱਲ੍ਹ ਕੌਣ ਪੁਰਾਣੀ ਦੋਸਤੀ ਨੂੰ ਯਾਦ ਰੱਖਦਾ ਏ !' ਫਿਰ ਉਹ ਲਛਮੀ ਵੱਲ ਮੁੜਿਆ, 'ਕੁੜੀਏ, ਇਸ ਜੁੱਤੀ ਨੂੰ ਸਾਂਭ ਕੇ ਸੰਦੂਖ ਵਿਚ ਰੱਖ ਦੇ। ਤੇਰੇ ਦਾਜ ਵਿਚ ਦਿਆਂਗਾ।'

ਲਛਮੀ ਖੁਸ਼-ਖੁਸ਼ ਜੁੱਤੀ ਲੈ ਕੇ ਅੰਦਰ ਚਲੀ ਗਈ ਤਾਂ ਚੌਧਰੀ ਬੋਲਿਆ :

'ਦਹੇਜ ਤਾਂ ਤਿਆਰ ਹੋ ਗਿਆ। ਇਕ ਜੁੱਤੀ ਦੀ ਕਸਰ ਸੀ, ਉਹ ਅੱਜ ਤੂੰ ਪੂਰੀ ਕਰ ਦਿੱਤੀ। ਪਰ ਮੁੰਡਾ ਕੋਈ ਨਹੀਂ ਮਿਲਦਾ ਪਿੰਡ 'ਚ। ਇਥੋਂ ਦੇ ਜਿੰਨੇ ਚੰਗੇ ਮੁੰਡੇ ਸੀ ਸਭ ਬੰਬਈ, ਕਲਕੱਤੇ ਤੁਰ ਗਏ। ਉਥੋਂ ਦੀਆਂ ਸੜਕਾਂ ਤੇ ਝਾੜੂ ਦਿੰਦੇ ਨੇ।'

ਮੈਂ ਕਿਹਾ, 'ਫੇਰ ਵੀ ਪਿੰਡ 'ਚ ਲੱਭੋ... ਇਕ-ਅੱਧ ਮੁੰਡਾ ਤਾਂ ਮਿਲ ਹੀ ਜਾਵੇਗਾ।'

'ਕਿੱਥੇ ਮਿਲਦਾ ਏ ? ਇਕ ਵੀ ਨਾਂ ਤਾਂ ਦੱਸ !'

'ਇਕ ਤਾਂ ਭੁੱਖਾ ਰਾਮ ਹੀ ਏ।'

'ਕਿਆ ?.. ਭੁੱਖਾ...ਰਾਮ...ਭੁੱਖਾ.. ਮਤਲਬ ਤੂੰ ...ਤੂੰ ਤਿਆਰ ਏਂ ਲਛਮੀ ਨਾਲ ਵਿਆਹ ਕਰਵਾਉਣ ਨੂੰ ?'

'ਆਹੋ, ਤਾਇਆ !' ਮੈਂ ਕਿਹਾ।

ਸੋ ਅਗਲੇ ਮਹੀਨੇ ਸਾਡਾ ਵਿਆਹ ਹੋ ਗਿਆ। ਰਾਤ ਨੂੰ ਚੌਧਰੀ ਨੇ ਬਹੁਤ ਵੱਡੀ ਦਾਅਵਤ ਦਿੱਤੀ। ਸਭ ਨੇ ਖੂਬ ਡਟ ਕੇ ਖਾਣਾ ਖਾਧਾ। ਤਾੜੀ ਪੀਤੀ। ਗਾਣਾ-ਵਜਾਉਣ ਹੋਇਆ। ਮੈਂ ਵੀ ਇਕ ਫਿਲਮੀ ਗਾਣਾ ਖੂਬ ਝੂਮ-ਝੂਮ ਕੇ ਗਾਇਆ :

'ਮੈਂ ਤੋ ਦਿੱਲੀ ਸੇ ਦੁਲਹਨ ਲਾਇਆ ਰੇ, ਓ ਬਾਬੂ ਜੀ !'

ਫਿਰ ਉਸੇ ਰਾਤ ਲਛਮੀ ਆਈ। ਲਾਲ ਚੁੰਨੀ, ਲਾਲ ਲਹਿੰਗਾ, ਲਾਲ ਚੋਲੀ ਅਤੇ ਮੇਰੀ ਬਣਾਈ ਹੋਈ ਲਾਲ ਜੁੱਤੀ ਪਹਿਨ ਕੇ। ਝੌਂਪੜੀ ਵਿਚ ਜਿਵੇਂ ਚਾਨਣਾ ਜਿਹਾ ਹੋ ਗਿਆ।

ਮੈਂ ਦਰਵਾਜ਼ਾ ਬੰਦ ਕਰਕੇ ਉਸ ਨੂੰ ਖੂਬ ਚੁੰਮਿਆ-ਚੱਟਿਆ ਤਾਂ ਕਹਿਣ ਲੱਗੀ, 'ਤੂੰ ਤਾਂ ਬਹੁਤ ਬੇਸ਼ਰਮ ਏਂ ! ਕੋਈ ਆਪਣੀ ਬੀਵੀ ਨਾਲ ਵੀ ਅਜਿਹਾ ਕੰਮ ਕਰਦਾ ਏ ?'

'ਤੂੰ ਕੀ ਜਾਣੇ ਲਛਮੀ ! ਤੂੰ ਤਾਂ ਕੱਲ੍ਹ ਦੀ ਕੁੜੀ ਏਂ। ਵਿਆਹ ਕਰਕੇ ਤਾਂ ਮਰਦ-ਔਰਤ ਇਸ ਤੋਂ ਵੀ ਜ਼ਿਆਦਾ ਬੇਸ਼ਰਮੀ ਕਰਦੇ ਨੇ।'

'ਕੀ ਕਰਦੇ ਨੇ ?'

'ਇਕ ਦੂਜੇ ਨੂੰ ਖਾ ਜਾਂਦੇ ਨੇ।' ਮੈਂ ਕਿਹਾ।

'ਹਾਇ ਰਾਮ !' ਉਹ ਬੋਲੀ, 'ਕਿਉਂ ਖਾ ਜਾਂਦੇ ਨੇ ? ਤੂੰ ਬਿਰਾਦਰੀ ਦੀ ਰੋਟੀ ਵਿਚ ਖਾਣਾ ਨਹੀਂ ਖਾਧਾ ?'

'ਮੈਂ ਉਸ ਖਾਣੇ ਦੀ ਗੱਲ ਨਹੀਂ ਕਰ ਰਿਹਾ।' ਮੈਂ ਜਵਾਬ ਦਿੱਤਾ, 'ਮੈਂ ਤਾਂ ਜਨਮਾਂ ਦਾ ਭੁੱਖਾ ਹਾਂ। ਇਹ ਨਹੀਂ ਸੀ ਪਤਾ ਕਿ ਤੇਰਾ ਭੁੱਖਾ ਸਾਂ।'

'ਹਾਂ, ਮੇਰਾ ਭੁੱਖਾ ਤਾਂ ਹੈ ਹੀ।' ਉਹ ਸ਼ਰਮਾਉਂਦੀ ਬੋਲੀ।

ਫਿਰ ਮੈਂ ਕਿਹਾ, ਪਹਿਲਾਂ ਆਪਣੀ ਚੁੰਨੀ ਲਾਹ ਦੇ ਤੇ ਉਧਰ ਸਿਰਹਾਣਾ ਰੱਖਦੇ, ਫਿਰ ਖਾਣੇ ਦਾ ਖੇਲ ਖੇਲਾਂਗੇ'

ਉਹ ਬਿਲਕੁਲ ਬੱਚੀ ਸੀ। ਕੁਝ ਪਤਾ ਨਹੀਂ ਸੀ ਉਸਨੂੰ ਕਿ ਵਿਆਹ ਹੋਣ ਤੇ ਕੀ ਹੁੰਦਾ ਹੈ ?

ਮੈਂ ਰਾਤ ਭਰ ਉਸ ਨੂੰ ਸਿਖਾਉਂਦਾ ਰਿਹਾ। ਪੜ੍ਹਾਉਂਦਾ ਰਿਹਾ। ਉਸਨੂੰ 'ਖਾਂਦਾ' ਰਿਹਾ। ਉਹ ਮੈਨੂੰ 'ਖਾਂਦੀ' ਰਹੀ।

ਉਸ ਦਿਨ ਤੋਂ ਬਾਦ ਮੇਰੀ ਦੁਕਾਨ ਬਹੁਤ ਚੱਲ ਨਿਕਲੀ। ਲਛਮੀ ਘਰ ਜੋ ਆ ਗਈ ਸੀ। ਉਸਦੀ ਝਲਕ ਲਈ ਸਭ ਗੱਭਰੂ ਜੁਆਨ ਮੇਰੀ ਦੁਕਾਨ, ਜਿਸਦੇ ਪਿੱਛੇ ਮੇਰਾ ਘਰ ਸੀ ਅਤੇ ਜਿੱਥੇ ਲਛਮੀ ਚੁੱਲਾ-ਚੱਕੀ ਕਰਦੀ ਸੀ, ਦੇ ਚੱਕਰ ਲਾਉਣ ਲੱਗੇ। ਜਿਹੜੇ ਕਲਕੱਤੇ

ਅਤੇ ਬੰਬਈ ਤੋਂ ਆਉਂਦੇ ਉਹ ਵੀ ਇਹੋ ਆਖਦੇ ਕਿ ਭੁੱਖਾ ਰਾਮ ਬੜਾ ਖੁਸ਼ਕਿਸਮਤ ਹੈ ਕਿ ਐਨੀ ਖੂਬਸੂਰਤ ਬੀਵੀ ਮਿਲੀ ਹੈ, ਬੰਬਈ ਵਿਚ ਹੁੰਦੀ ਤਾਂ ਫਿਲਮ ਸਟਾਰ ਬਣ ਜਾਂਦੀ। ਮੈਂ ਉਨ੍ਹਾਂ ਨੂੰ ਕਹਿੰਦਾ, 'ਫਿਲਮ ਸਟਾਰ ਬਣੇ ਤੇਰੀ ਘਰ ਵਾਲੀ। ਮੇਰੀ ਲਛਮੀ ਨੂੰ ਨਜ਼ਰ ਨਾ ਲਾ।'

ਪਰ ਕਿਸੇ ਨਾ ਕਿਸੇ ਦੀ ਨਜ਼ਰ ਲੱਗ ਹੀ ਗਈ ਉਸਨੂੰ। ਪਿੰਡ ਵਿਚ ਅਜਿਹਾ ਸੋਕਾ ਪਿਆ ਕਿ ਆਸ-ਪਾਸ ਦੇ ਸਾਰੇ ਖੂਹ-ਤਲਾਬ ਸੁੱਕ ਗਏ।

ਸੂਰਜ ਦੇਵਤਾ, ਜਿਸਨੂੰ ਸਭ 'ਅੰਨ-ਦਾਤਾ' ਕਹਿੰਦੇ ਹਨ, ਉਹੀ ਸਾਡਾ ਵੈਰੀ ਬਣ ਗਿਆ। ਦਿਨ ਭਰ ਅਜਿਹੀ ਕੜਾਕੇ ਦੀ ਧੁੱਪ ਰਹਿਣ ਲੱਗੀ ਕਿ ਸੜਕ ਤੇ ਮੁੱਠੀ ਭਰ ਮੱਕੀ ਸੁੱਟੋ ਤਾਂ ਦਾਣੇ ਭੁੱਜ ਜਾਣ।

ਇਕ ਇਕ ਕਰਕੇ ਜਿੰਨੇ ਕਿਸਾਨ ਸਨ, ਪਿੰਡ ਛੱਡ ਕੇ ਸ਼ਹਿਰ ਨੂੰ ਤੁਰ ਗਏ। ਪਹਿਲਾਂ ਜਿਹੜੇ ਖਾਂਦੇ-ਪੀਂਦੇ ਘਰ ਸਨ, ਉਹ ਖਾਲੀ ਹੋਏ। ਫਿਰ ਤਾਂ ਸਾਰੇ ਰੇਲ ਵਿਚ ਭਰ-ਭਰ ਕੇ ਚਲੇ ਗਏ। ਸਟੇਸ਼ਨ ਸਾਡੇ ਪਿੰਡ ਤੋਂ ਦੋ-ਤਿੰਨ ਕੋਹਾਂ ਤੇ ਸੀ। ਰਾਤ ਨੂੰ ਇੰਜਣ ਦੀ ਸੀਟੀ ਸੁਣਾਈ ਦਿੰਦੀ ਸੀ। ਇਕ ਰਾਤ ਇੰਜਣ ਦੀ ਸੀਟੀ ਵੱਜੀ ਤਾਂ ਲਛਮੀ ਮੇਰੇ ਨਾਲ ਲਿਪਟ ਗਈ ਤੇ ਬੋਲੀ :

'ਪਤਾ ਨਹੀਂ ਕਿਉਂ ਮੈਨੂੰ ਡਰ ਲੱਗ ਰਿਹਾ ਏ।'

ਮੈਂ ਕਿਹਾ, "ਜਦ ਤੱਕ ਮੈਂ ਜਿਉਂਦਾ ਹਾਂ, ਤੈਨੂੰ ਡਰ ਕਿਸ ਗੱਲ ਦਾ ?'

ਅਗਲੇ ਦਿਨ ਜਦੋਂ ਮੈਂ ਹਰੀਜਨ ਵਾੜੀ ਵਿਚ ਚੌਧਰੀ ਦੇ ਘਰ ਗਿਆ ਤਾਂ ਉਥੇ ਉਹ ਮੰਜੇ ਤੇ ਮਰਿਆ ਪਿਆ ਸੀ। ਕਮਾਲ ਕਰ ਦਿੱਤੀ ਸੀ ਬੁੱਢੇ ਨੇ। ਮਰਦਾ ਮਰ ਗਿਆ ਪਰ ਕਿਸੇ ਕੋਲੋਂ ਪਾਣੀ ਤੱਕ ਨਾ ਮੰਗਿਆ।

ਤੀਜੇ ਦਿਨ ਮੈਂ ਲਛਮੀ ਨੂੰ ਕਿਹਾ, 'ਚੱਲ ਲਛਮੀ, ਆਪਾਂ ਵੀ ਬੰਬਈ ਚੱਲੀਏ। ਉਥੇ ਕੋਈ ਨਾ ਕੋਈ ਕੰਮ ਤਾਂ ਮਿਲ ਹੀ ਜਾਵੇਗਾ। ਹੋਰ ਕੁਝ ਨਹੀਂ ਤਾਂ ਆਪਾਂ ਸੜਕ ਤੇ ਝਾੜੂ ਹੀ ਦੇ ਲਿਆ ਕਰਾਂਗੇ।'

ਸੋ ਅਸੀਂ ਰੇਲ 'ਚ ਬਹਿ ਕੇ ਬੰਬਈ ਆ ਗਏ। ਰਸਤੇ ਵਿਚ ਜਦ ਬਾਬੂ ਨੇ ਟਿਕਟ ਮੰਗਿਆ ਤਾਂ ਮੈਂ ਕਿਹਾ, 'ਟਿਕਟ ਕਾਹਦਾ ਖਰੀਦਦੇ ਬਾਬੂ, ਅਸੀਂ ਤਾਂ ਸੋਕੇ ਦੇ ਮਾਰੇ ਹਾਂ। ਬਿਹਾਰ ਵਿਚ ਅਜਿਹਾ ਸੋਕਾ ਪਿਆ ਏ, ਨਾ ਕਿਸੇ ਨੇ ਦੇਖਿਆ ਨਾ ਸੁਣਿਆਂ।' ਉਸਨੇ ਰਹਿਮ ਕੀਤਾ ਤੇ ਟਿਕਟ ਦੇ ਪੈਸੇ ਨਾ ਮੰਗੇ।

ਸੋ ਅਸੀਂ ਬੰਬਈ ਆ ਗਏ। ਦਸ ਸਾਲ ਹੋ ਗਏ ਹਨ ਬੰਬਈ ਆਇਆਂ ਨੂੰ। ਪਰ ਮੈਨੂੰ ਅੱਜ ਤੱਕ ਉਹ ਪਹਿਲਾ ਦਿਨ ਨਹੀਂ ਭੁੱਲਦਾ।

ਸਟੇਸ਼ਨ ਤੋਂ ਨਿਕਲੇ ਤਾਂ ਵੇਖਿਆ ਕਿ ਸਾਡੇ ਵਰਗੇ ਸੈਂਕੜੇ ਬੇਘਰ ਲੋਕ ਸੜਕਾਂ ਤੇ ਪਏ ਹਨ। ਅਸੀਂ ਇਕ ਆਦਮੀ ਨੂੰ ਪੁੱਛਿਆ :

"ਕਿਤੇ ਸੜਕਾਂ ਉੱਤੇ ਝਾੜੂ ਦੇਣ ਦਾ ਕੰਮ ਮਿਲੇਗਾ ?"

ਉਹ ਕਹਿਣ ਲੱਗਾ, "ਬਈ, ਮੈਂ ਆਪ ਸੜਕਾਂ ਤੇ ਝਾੜੂ ਲਾਉਣ ਦਾ ਕੰਮ ਕਰਦਾ ਸੀ ਪਰ ਹੁਣ ਉੱਥੇ ਵੀ ਕੰਮ ਨਹੀਂ ਰਿਹਾ।"

ਫਿਰ ਕਿਸੇ ਤੋਂ ਸੁਣਿਆਂ ਕਿ ਸਟੇਸ਼ਨ ਦੇ ਲਾਗੇ ਹੀ ਬਿਹਾਰ ਤੋਂ ਆਏ ਕਿਸਾਨਾਂ ਦਾ ਪਿੰਡ ਟਿਕਿਆ ਹੈ। ਅਸੀਂ ਛੇਤੀ-ਛੇਤੀ ਆਪਣੀਆਂ ਗਠੜੀਆਂ ਚੁੱਕ ਉੱਥੇ ਪੁੱਜੇ। ਪਤਾ ਲੱਗਾ, ਬਿਹਾਰ ਵਾਲਿਆਂ ਨੇ ਉੱਥੇ ਆਪਣੀਆਂ ਝੌਂਪੜੀਆਂ ਤਾਂ ਜ਼ਰੂਰ ਬਣਾਈਆਂ ਹਨ, ਪਰ ਉਹ ਸਾਰੇ ਉੱਚੀ ਜਾਤ ਵਾਲੇ ਲੋਕ ਹਨ। ਉਨ੍ਹਾਂ ਨੇ ਕਿਹਾ, "ਤੁਸੀਂ ਕਿਸ ਜਾਤ ਦੇ ਹੋ ?" ਮੈਂ ਕਿਹਾ, "ਸਰਕਾਰ, ਅਸੀਂ ਹਰੀਜਨ ਹਾਂ। ਮੈਂ ਭੁੱਖਾ ਰਾਮ ਚਮਾਰ ਹਾਂ। ਉੱਥੇ ਜੁੱਤੀਆਂ ਬਣਾਇਆ ਕਰਦਾ ਸੀ, ਐਥੇ ਵੀ ਜੁੱਤੀਆਂ ਬਣਾ ਲਵਾਂਗਾ।" ਤਾਂ ਉਨ੍ਹਾਂ ਨੇ ਸੜਕ ਤੋਂ ਹੇਠ ਜਿੱਥੇ ਗੰਦੇ ਪਾਣੀ ਦਾ ਨਾਲਾ ਵਹਿੰਦਾ ਸੀ ਅਤੇ ਜਿਸ ਨੂੰ ਬੰਬਈਆ ਬੋਲੀ ਵਿਚ ਗਟਰ ਕਹਿੰਦੇ ਸਨ, ਵੱਲ ਇਸ਼ਾਰਾ ਕਰ ਦਿੱਤਾ।

"ਹਰੀਜਨ ਉੱਥੇ ਰਹਿੰਦੇ ਨੇ।"

ਸੋ ਅਸੀਂ ਉੱਥੇ ਚਲੇ ਗਏ। ਇਕ ਦਰਖ਼ਤ ਹੇਠ ਦੋ-ਚਾਰ ਗਜ਼ ਥਾਂ ਸੀ। ਮੈਂ ਫੈਸਲਾ ਕਰ ਲਿਆ ਕਿ ਐਥੇ ਹੀ ਸਾਡਾ ਬਸੇਰਾ ਹੋਵੇਗਾ। ਸੋ ਉਸ ਥਾਂ ਤੇ ਮੈਂ ਕਬਜ਼ਾ ਕਰ ਲਿਆ।

ਉੱਥੋਂ ਦੇ ਹਰੀਜਨਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਉੱਥੇ ਐਨੇ ਹਰੀਜਨ ਆ ਗਏ ਹਨ ਕਿ ਸੜਕਾਂ ਤੇ ਝਾੜੂ ਦੇਣ ਵਾਲੇ ਭੰਗੀਆਂ ਵਿਚ ਭਰਤੀ ਮੁਸ਼ਕਲ ਹੈ। ਬੰਬਈ ਵਿਚ ਬਿਹਾਰ ਵਾਲਾ ਹੀ ਕਾਲ ਸੀ। ਖਾਣ ਦਾ, ਰਹਿਣ ਲਈ ਮਕਾਨ ਦਾ। ਪਰ ਪਾਣੀ ਦਾ ਘਾਟਾ ਨਹੀਂ ਸੀ, ਜਿੱਥੇ ਦੇਖੋ ਮੋਟੇ ਪਾਈਪ, ਜਿਨ੍ਹਾਂ ਵਿਚ ਲੋਕਾਂ ਨੇ ਗਲੀਆਂ ਕੱਢ ਲਈਆਂ ਸਨ। ਪਾਣੀ ਦਾ ਫੁਹਾਰਾ ਇਉਂ ਨਿਕਲਦਾ ਸੀ ਕਿ ਮੈਂ ਪਹਿਲੇ ਦਿਨ ਵੇਖਿਆ ਤਾਂ ਦੇਖਦਾ ਹੀ ਰਹਿ ਗਿਆ। ਦੂਜੇ ਦਿਨ ਖਿਆਲ ਆਇਆ ਕਿ ਇਸ ਫੁਹਾਰੇ ਵਿਚ ਆਦਮੀ ਵੀ ਤਾਂ ਨਹਾ ਸਕਦਾ ਹੈ। ਸੋ ਮੈਂ ਤੇ ਲੱਛਮੀ ਉੱਥੇ ਜਾ ਕੇ ਖੂਬ ਨਹਾਏ। ਕੱਪੜੇ ਵੀ ਧੋਤੇ। ਨਹਾ ਧੋਕੇ, ਸਾਫ਼ ਹੋ ਕੇ ਆਪਣੇ ਦਰੱਖਤ ਹੇਠ ਮੁੜ ਆਏ। ਉੱਥੇ ਇਕ ਬਾਬੂ ਨੂੰ ਕਹਿਕੇ ਇਕ ਲੱਕੜੀ ਦੇ ਫੱਟੇ ਤੇ ਹਿੰਦੀ ਵਿਚ ਲਿਖਵਾਇਆ—'ਬਿਹਾਰੀ ਮੋਚੀ।' ਉਸ ਨੂੰ ਕਿੱਲ ਨਾਲ ਦਰੱਖ਼ਤ ਦੇ ਤਣੇ ਵਿਚ ਗੱਡ ਦਿੱਤਾ। ਲੱਛਮੀ ਬੋਲੀ, "ਇਸ ਤੇ ਕੀ ਲਿਖਿਆ ਹੈ ?" ਮੈਂ, ਕਿਹਾ, "ਇਸ ਤੇ ਲਿਖਿਆ ਹੈ, "ਬਿਹਾਰੀ

ਮੋਚੀ। ਤਾਂ ਕਿ ਜਿਹੜੇ ਲੋਕੀ ਜੁੱਤੀ ਬਣਵਾਉਣੀ ਚਾਹੁਣ, ਉਹ ਜੁੱਤੀ ਬਣਵਾ ਲੈਣ ਜਾਂ ਘੱਟੋ ਘੱਟ ਗੰਢਾ ਹੀ ਲੈਣ।" ਲੱਛਮੀ ਬੋਲੀ, "ਜਿਹੜੇ ਪੜ੍ਹ ਨਹੀਂ ਸਕਦੇ, ਉਨ੍ਹਾਂ ਦਾ ਕੀ ਬਣੇਗਾ ? ਉਹ ਤਾਂ ਸਮਝਣਗੇ, ਵੈਸੇ ਹੀ ਕੀੜੇ-ਮਕੌੜੇ ਵਾਹ ਰੱਖੇ ਨੇ। ਇਸ ਦੇ ਹੇਠ ਇਕ ਨਿਸ਼ਾਨੀ ਬਣਾ ਦਿਉ।" ਮੈਂ ਕਿਹਾ,"ਤੂੰ ਹੀ ਦੱਸ ਕੀ ਨਿਸ਼ਾਨੀ ਬਣਾਵਾਂ?'

ਉਸਨੇ ਆਪਣੀ ਗਠੜੀ ਖੋਲ੍ਹੀ ਤੇ ਉਹੀ ਵਿਆਹ ਵਾਲਾ ਲਾਲ-ਲਾਲ ਜੁੱਤੀਆਂ ਦਾ ਜੋੜਾ ਕੱਢ ਲਿਆ। ਚਾਂਦੀ ਦੇ ਝੁਮਕੇ ਅਜੇ ਵੀ ਉਸ ਨਾਲ ਲਟਕ ਰਹੇ ਸਨ।

"ਇਹ ਜੋੜਾ ਲਟਕਾ ਦੇਈਏ ਤਾਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਜੇ ਇਹੋ ਜਿਹੀ ਖੂਬਸੂਰਤ ਜੁੱਤੀ ਬਣਾਉਣੀ ਹੈ ਤਾਂ ਬਿਹਾਰੀ ਮੋਚੀ ਨਾਲ ਗੱਲ ਕਰ ਲਈ ਜਾਵੇ।

ਸੋ ਉਹ ਫੱਟਾ ਲਟਕਿਆ ਰਿਹਾ ਤੇ ਉਸ ਦੇ ਹੇਠ ਉਹ ਖੂਬਸੂਰਤ ਲਾਲ ਜੁੱਤੀਆਂ ਦਾ ਜੋੜਾ ਵੀ। ਹਰ ਰਾਹੀ ਉਸ ਵੱਲ ਵੇਖਦਾ ਰੁਕ ਜਾਂਦਾ।

"ਬਿਹਾਰੀ ਮੋਚੀ।" ਇਕ ਦਿਨ ਕੋਈ ਬੋਲਿਆ।

"ਜੀ, ਸਰਕਾਰ।"

"ਸਾਡੇ ਲਈ ਵੀ ਐਸਾ ਜੋੜਾ ਬਣਾਉਗੇ ?"

"ਹੁਕਮ ਕਰੋ, ਸਰਕਾਰ।"

"ਕੀ ਲਓਗੇ ?"

ਮੈਂ ਚਮੜੇ ਦੇ ਟੁਕੜਿਆਂ ਅਤੇ ਸੰਦਾਂ ਦੀ ਦੁਕਾਨ ਸਜਾ ਰੱਖੀ ਸੀ। ਮੈਂ ਕਿਹਾ, "ਚਮੜਾ ਮਹਿੰਗਾ ਹੋ ਗਿਆ ਹੈ ਸਰਕਾਰ। ਤਿੰਨ ਰੁਪਏ ਦਾ ਤਾਂ ਚਮੜਾ ਹੀ ਲੱਗ ਜਾਵੇਗਾ। ਇਕ ਰੁਪਿਆ ਬਣਾਈ ਦੇ ਦੇਣਾ।"

ਉਹ ਬੋਲਿਆ,"ਕੁੱਲ ਮਿਲਾ ਕੇ ਚਾਰ ਰੁਪਏ ਹੋਏ ?'

ਮੈਂ ਕਿਹਾ, "ਜੀ ਸਰਕਾਰ।"

"ਤੂੰ ਬੁੱਧੂ ਏਂ।" ਉਹ ਬੋਲਿਆ।

"ਜੇ ਵੱਧ ਨੇ ਤਾਂ ਸਾਢੇ ਤਿੰਨ ਹੀ ਦੇ ਦੇਣਾ।"

ਉਹ ਕਹਿਣ ਲੱਗਾ, "ਵੱਧ ਨਹੀਂ...ਅਜਿਹੀ ਜੁੱਤੀ ਬਜ਼ਾਰ ਵਿਚ ਵੀਹ-ਪੱਚੀ ਰੁਪਿਆਂ ਦੀ ਮਿਲਦੀ ਏ। ਘੱਟੋ-ਘੱਟ ਦਸ ਰੁਪਏ ਤਾਂ ਤੈਨੂੰ ਵੀ ਮਿਲਣੇ ਚਾਹੀਦੇ ਹਨ। ਆਹ ਲਉ...ਪੰਜ ਰੁਪਏ ਰੱਖੋ। ਬਾਕੀ ਪੰਜ ਜੁੱਤੀ ਤਿਆਰ ਹੋਣ ਤੇ ਦਿਆਂਗਾ।"

ਸੋ ਮੇਰੀ ਦੁਕਾਨ ਚੱਲ ਨਿਕਲੀ। ਧੁੱਪ ਤੋਂ ਬਚਣ ਲਈ ਮੈਂ ਦੋ ਬਾਂਸ ਧਰਤੀ ਵਿਚ ਗੱਡੇ ਤੇ ਲੱਛਮੀ ਦੀ ਇਕ ਪੁਰਾਣੀ ਸਾੜੀ ਉਨ੍ਹਾਂ ਤੇ ਤਾਣ ਲਈ। ਫਿਰ ਇਕ ਢੇਰ ਤੋਂ ਪਲਾਸਟਕ ਦਾ ਇਕ ਟੁਕੜਾ ਲੱਭ ਪਿਆ। ਉਸ ਨੂੰ ਉੱਪਰ ਵਿਛਾ ਦਿੱਤਾ। ਉਸ ਘਰ ਵਿਚ ਅਸੀਂ ਅੱਠ ਸਾਲ ਬਿਤਾਏ। ਉਹੀ ਆਦਮੀ ਆਉਂਦਾ ਤੇ ਮੈਥੋਂ ਦਸ-ਦਸ ਰੁਪਏ ਵਿਚ ਜੁੱਤੀਆਂ ਬਣਵਾ ਕੇ ਲੈ ਜਾਂਦਾ। ਪਤਾ ਲੱਗਾ ਉਹ ਆਦਮੀ ਉਨ੍ਹਾਂ ਜੁੱਤੀਆਂ ਨੂੰ ਗਰਾਂਟ ਰੋਡ ਤੇ ਵੀਹ ਵੀਹ ਰੁਪਿਆਂ ਵਿਚ ਵੇਚਦਾ ਸੀ। ਵੇਚਦਾ ਹੋਵੇਗਾ, ਉਸ ਦੀ ਕਿਸਮਤ। ਮੈਨੂੰ ਤਾਂ ਆਪਣੀ ਮਿਹਨਤ ਦੇ ਪੈਸੇ ਮਿਲ ਹੀ ਜਾਂਦੇ ਸਨ ਅਤੇ ਕੰਮ ਵੀ ਚੱਲ ਰਿਹਾ ਸੀ। ਕਿਸੇ ਦੀ ਜੁੱਤੀ ਦਾ ਤਲਾ ਘਸ ਗਿਆ, ਉਸ ਦਾ ਤਲਾ ਲਾ ਦਿੰਦਾ ਸਾਂ। ਕਿਸੇ ਨੇ ਬੂਟਾਂ ਨੂੰ ਪਾਲਸ਼ ਕਰਨੀ ਹੁੰਦੀ ਤਾਂ ਪਾਲਸ਼ ਦਾ ਸਮਾਨ ਵੀ ਮੈਂ ਖਰੀਦ ਕੇ ਕੋਲ ਰੱਖਿਆ ਹੋਇਆ ਸੀ। ਇਕ ਗਠੜੀ ਆਪਣੇ ਸਿਰ ਹੇਠ ਤੇ ਦੂਜੀ ਲੱਛਮੀ ਦੇ ਸਿਰ ਹੇਠ ਰੱਖ ਦਿੰਦਾ ਤੇ ਅਸੀਂ ਕਾਲੀ ਚਾਦਰ ਉੱਤੇ ਲੈ ਕੇ ਬੱਚਿਆਂ ਵਾਂਗ ਇਕ ਦੂਜੇ ਨਾਲ ਲਿਪਟ ਕੇ ਸੌਂ ਜਾਂਦੇ।

ਸੱਤ ਬਰਸਾਤਾਂ ਆਈਆਂ। ਅਸੀਂ ਉਸੇ ਪਲਾਸਟਕ ਦੇ ਕੱਪੜੇ ਦੀ ਛੱਤ ਹੇਠ ਗੁਜ਼ਾਰ ਦਿੱਤੀਆਂ। ਪਰ ਜਦੋਂ ਅੱਠਵੀਂ ਬਰਸਾਤ ਆਈ। ਸਮੁੰਦਰ ਵਲੋਂ ਇਕ ਤੂਫ਼ਾਨੀ ਹਵਾ ਚੱਲੀ, ਜਿਹੜੀ ਸਾਡੇ ਕੱਪੜੇ ਦੀ ਛੱਤ ਨੂੰ ਉਡਾ ਕੇ ਲੈ ਗਈ।

ਸਾਰੀ ਰਾਤ ਮੀਂਹ ਪੈਂਦਾ ਰਿਹਾ ਅਤੇ ਅਸੀਂ ਇਕ ਦੂਜੇ ਨਾਲ ਲਿਪਟੇ ਪਏ ਰਹੇ। ਦਿਨ ਚੜ੍ਹਿਆ ਤਾਂ ਲੱਛਮੀ ਦਾ ਪਿੰਡਾ ਮੈਨੂੰ ਤਪਦਾ ਮਹਿਸੂਸ ਹੋਇਆ। ਤੈਨੂੰ ਤਾਂ ਬੁਖ਼ਾਰ ਚੜ੍ਹ ਗਿਆ ਏ ਲੱਛਮੀ", ਮੈਂ ਕਿਹਾ।

"ਵੈਸੇ ਹੀ ਮੀਂਹ ਵਿਚ ਭਿੱਜਣ ਨਾਲ ਜ਼ੁਕਾਮ ਜਿਹਾ ਹੋ ਗਿਆ ਏ। ਤੂੰ ਫ਼ਿਕਰ ਨਾ ਕਰ।"

ਦੁਪਹਿਰ ਤੱਕ ਉਹ ਇੰਨੀ ਨਿਢਾਲ ਹੋ ਗਈ ਕਿ ਬੈਠਿਆ ਵੀ ਨਾ ਜਾਵੇ। ਗਠੜੀ ਸਿਰ ਹੇਠ ਲੈ ਕੇ ਲੇਟੀ ਰਹੀ। ਉਸਦਾ ਸਰੀਰ ਭੱਠੀ ਵਾਂਗ ਤਪਿਆ ਪਿਆ ਸੀ। ਮੈਂ ਉਸ ਨੂੰ ਹਸਪਤਾਲ ਦੇ ਸਧਾਰਣ ਵਾਰਡ ਵਿਚ ਲੈ ਗਿਆ। ਡਾਕਟਰ ਮੁਆਇਨਾ ਕਰ ਕੇ ਬੋਲਿਆ, "ਇਹਨੂੰ ਤਾਂ ਨਿਮੋਨੀਆਂ ਹੋ ਗਿਆ ਏ। ਹਸਪਤਾਲ ਵਿਚ ਦਾਖ਼ਲ ਕਰਨਾ ਪਵੇਗਾ।"

ਮੈਂ ਪੁੱਛਿਆ, "ਦੇਖ-ਭਾਲ ਲਈ ਇਹਦੇ ਕੋਲ ਕੌਣ ਰਹੇਗਾ ?"

ਉਸ ਨੇ ਕਿਹਾ, "ਦੇਖ-ਭਾਲ ਕਰਨ ਲਈ ਨਰਸਾਂ ਹਨ। ਤੂੰ ਚਾਹੇਂ ਤਾਂ ਆਪ ਵੀ ਰਹਿ ਸਕਦਾ ਏਂ। ਕਿਉਂ ਕਿ ਕੇਸ ਕਾਫ਼ੀ ਸੀਰੀਅਸ ਏ। ਇਸ ਵੇਲੇ ਇਹਨੂੰ 106 ਡਿਗਰੀ ਬੁਖ਼ਾਰ ਹੈ।"

ਰਾਤ ਨੂੰ ਉਹ ਬੁੜਬੁੜਾਉਂਦੀ ਰਹੀ। ਕਦੇ ਆਪਣੇ ਪਿਉ ਨੂੰ ਅਵਾਜ਼ ਮਾਰਦੀ ਤੇ ਕਦੀ ਆਪਣੀਆਂ ਸਹੇਲੀਆਂ ਨੂੰ। ਕਦੀ ਸਮਝਦੀ, ਇਹ ਉਸ ਦੀ ਸੁਹਾਗਰਾਤ ਹੈ। ਇਕ ਵਾਰੀ ਕਹਿਣ ਲੱਗੀ, "ਤੂੰ ਮੈਨੂੰ ਖਾ ਤਾਂ ਨਹੀਂ ਜਾਵੇਂਗਾ ?" ਮੈਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਤਾਂ ਮੈਂ ਮਜ਼ਾਕ ਕਰ ਰਿਹਾ ਸੀ। ਪਰ ਉਸ ਦੀ ਸਮਝ ਵਿਚ ਕੁਝ ਨਾ ਆਇਆ। ਕਹਿਣ ਲੱਗੀ, "ਤੁਸੀਂ

ਮਰਦ ਬੜੇ ਬੇਸ਼ਰਮ ਹੁੰਦੇ ਹੋ ।

ਸਵੇਰ ਤੱਕ ਉਹ ਇੰਨੀ ਕਮਜ਼ੋਰ ਹੋ ਗਈ ਕਿ ਉਸ ਉੱਤੇ ਬੇਹੋਸ਼ੀ ਜਿਹੀ ਛਾ ਗਈ । ਡਾਕਟਰ ਜਦੋਂ ਚੱਕਰ ਲਾਉਣ ਲਈ ਆਇਆ ਤਾਂ ਮੈਂ ਉਸ ਨੂੰ ਕਿਹਾ :

"ਡਾਕਟਰ ਸਾਹਬ, ਰੱਬ ਦੇ ਵਾਸਤੇ ਮੇਰੀ ਲੱਛਮੀ ਨੂੰ ਬਚਾ ਲਉ ।"

ਉਹ ਕਹਿਣ ਲੱਗਾ, "ਤੇਰੀ ਬੀਵੀ ਕਮਜ਼ੋਰ ਹੈ । ਵਿਟਾਮਿਨ ਦੀ ਬਹੁਤ ਕਮੀਂ ਏ ਇਹਦੇ ਸ਼ਰੀਰ ਵਿਚ । ਇਹਦੇ ਵਿਚ ਬੁਖ਼ਾਰ ਦਾ ਮੁਕਾਬਲਾ ਕਰਨ ਦੀ ਤਾਕਤ ਹੀ ਹੈ ਨਹੀਂ ।"

"ਫਿਰ ਕੀ ਬਣੇਂਗਾ ?"

"ਇਕ ਇੰਜੈਕਸ਼ਨ ਲਿਆਉਣਾ ਪਵੇਗਾ ਤੈਨੂੰ— ਕੋਈ ਅੱਠ-ਦਸ ਰੁਪਏ ਦਾ ਆਉਂਦਾ ਏ ।"

ਮੈਂ ਕਿਹਾ, "ਮੇਰੇ ਕੋਲ ਰੁਪਏ ਹੈਗੇ...ਮੈਂ ਆਪਣੀ ਲੱਛਮੀ ਨੂੰ ਬਚਾਉਣ ਲਈ ਸਭ ਕੁਝ ਖ਼ਰਚ ਕਰ ਸਕਦਾ ਏਂ ।"

ਡਾਕਟਰ ਦੀ ਪਰਚੀ ਲੈ ਕੇ ਮੈਂ ਦੌੜਦਾ ਹੋਇਆ ਬਜ਼ਾਰ ਗਿਆ । ਦੁਕਾਨ ਉੱਤੇ ਸਾਰੀਆਂ ਦਵਾਈਆਂ ਸਨ, ਪਰ ਇਹ ਇੰਜੈਕਸ਼ਨ ਨਹੀਂ ਸੀ । ਇਕ ਹੋਰ ਦੁਕਾਨ ਉੱਤੇ ਮੈਂ ਪਰਚੀ ਦਿੱਤੀ । ਉਸਨੇ ਇੰਜੈਕਸ਼ਨਾਂ ਵਾਲਾ ਡੱਬਾ ਕੱਢਿਆ ਤੇ ਬੋਲਿਆ, "ਕਿੰਨੇ ਚਾਹੀਦੇ ਨੇ ?"

"ਜਿੰਨੇ ਇਸ ਵਿਚ ਲਿਖੇ ਨੇ ।" ਮੈਂ ਕਿਹਾ ।

"ਇਸ ਵਿਚ ਤਾਂ ਛੇ ਲਿਖੇ ਨੇਂ । ਬਾਰਾਂ ਰੁਪਏ ਲੱਗਣਗੇ । ਪਰ ਇਹ ਇੰਜੈਕਸ਼ਨ ਬਿਮਾਰੀ ਦੀ ਆਖਰੀ ਹਾਲਤ ਵਿਚ ਦਿੱਤਾ ਜਾਂਦਾ ਹੈ । ਇਸ ਲਈ ਚਾਹੋ ਤਾਂ ਇਕ ਦੋ ਹੀ ਲੈ ਜਾਉ ।"

ਮੈਂ ਬਾਰਾਂ ਰੁਪਏ ਉਹਦੇ ਹੱਥ ਫੜਾਏ ਅਤੇ ਇੰਜੈਕਸ਼ਨਾਂ ਵਾਲਾ ਡੱਬਾ ਲੈ ਕੇ ਹਸਪਤਾਲ ਵੱਲ ਦੌੜਿਆ । ਪੌੜੀਆਂ ਚੜ੍ਹਦਿਆਂ ਤੇ ਬਰਾਂਡੇ ਵਿਚ ਦੌੜਦਿਆਂ ਮੇਰਾ ਸਾਹ ਫੁੱਲ ਗਿਆ । ਜਦੋਂ ਵਾਰਡ ਵਿਚ ਪੁੱਜਾ ਤਾਂ ਇਕ ਨਰਸ ਲੱਛਮੀ ਨੂੰ ਚਾਦਰ ਨਾਲ ਢੱਕ ਰਹੀ ਸੀ ।

"ਇਹਦਾ ਮੂੰਹ ਨਾ ਢਕੋ, ਘੁਟਣ ਹੋਵੇਗੀ । ਇਹ ਕਦੀ ਵੀ ਕੰਬਲ ਜਾਂ ਚਾਦਰ ਨਾਲ ਮੂੰਹ ਨਹੀਂ ਢਕਦੀ ਹੁੰਦੀ," ਮੈਂ ਕਿਹਾ ।

ਬੁੱਢੀ ਨਰਸ ਹਮਦਰਦੀ ਨਾਲ ਬੋਲੀ, "ਸਬਰ ਕਰੋ ਬੇਟਾ, ਇਹ ਵਿਚਾਰੀ ਤਾਂ ਮਰ ਗਈ ਏ ।"

ਮੇਰੇ ਹੱਥਾਂ 'ਚੋਂ ਇੰਜੈਕਸ਼ਨਾਂ ਵਾਲਾ ਡੱਬਾ ਡਿਗ ਪਿਆ । ਕਿਸੇ ਇੰਜੈਕਸ਼ਨ ਦੀ ਸ਼ੀਸ਼ੀ ਡਿਗ ਕੇ ਟੁੱਟ ਗਈ ਅਤੇ ਉਸ ਵਿਚੋਂ ਦਵਾਈ ਨਿੱਕਲ ਸਵਾਲੀਆ ਨਿਸ਼ਾਨ ਬਣਾਉਂਦੀ ਫਰਸ਼ ਤੇ ਫੈਲ ਗਈ । ਜੇ ਹਸਪਤਾਲ ਵਿਚ ਇਨਜੈਕਸ਼ਨ ਹੁੰਦਾ ਤਾਂ ਉਹ ਬਚ ਸਕਦੀ ਸੀ ? ਮੈਂ ਇਹੋ ਸਵਾਲ ਡਾਕਟਰਾਂ ਤੋਂ ਪੁੱਛਿਆ ਤਾਂ ਉਹ ਬੋਲਿਆ, "ਇਹ ਤਾਂ ਰੱਬ ਹੀ ਜਾਣਦਾ ਏ ।"

ਅਗਲੇ ਦਿਨ ਸ਼ਮਸ਼ਾਨ ਵਿਚੋਂ ਮੈਂ ਲੱਛਮੀ ਦੇ ਫੁੱਲ ਚੁਗ ਲਿਆਇਆ ਤੇ ਉਨ੍ਹਾਂ ਨੂੰ ਬੜੀ ਹਿਫ਼ਾਜ਼ਤ ਨਾਲ ਇਕ ਘੜੋਲੀ ਵਿਚ ਰੱਖ ਦਿਤਾ । ਉਸ ਦੇ ਉਪਰ ਉਸਦਾ ਉਹ ਝੁਮਕਿਆਂ ਵਾਲੀ ਜੁੱਤੀ ਦਾ ਜੋੜਾ ਵੀ ਰੱਖ ਦਿੱਤਾ । ਅਗਲੇ ਦਿਨ ਪੜੋਸੀਆਂ ਨੇ ਸਮਝਿਆ ਕਿ ਮੈਂ ਪਾਗਲ ਹੋ ਗਿਆ ਹਾਂ । ਕਿਉਂਕਿ ਮੇਰੇ ਪਾਸ ਜੋ ਰੁਪਏ ਸਨ, ਉਹਨਾਂ ਵਿਚੋਂ ਪੰਜ ਰੁਪਏ ਦੇ ਮੈਂ ਪੰਜ ਘੜੇ ਖਰੀਦ ਲਿਆਇਆ । ਉਹਨਾਂ ਨੂੰ ਦਰੱਖਤ ਦੇ ਹੇਠ ਸਜਾਇਆ । ਇਸ ਤਰ੍ਹਾਂ ਕਿ ਚਾਰ ਘੜੇ ਤਾਂ ਚਾਰਾਂ ਖੂੰਜਿਆਂ ਵਿਚ ਰੱਖੇ ਅਤੇ ਉਹ ਜਿਹੜੀ ਥਾਂ ਬਚੀ, ਉਥੇ ਪੰਜਵਾਂ ਘੜਾ ਰਖ ਦਿਤਾ ਤੇ ਪੰਜਵੇਂ ਘੜੇ ਉਤੇ ਉਹ ਘੜੋਲੀ ਰੱਖ ਦਿਤੀ, ਜਿਸ ਵਿਚ ਲਛਮੀ ਦੇ ਫੁੱਲ ਸਨ ।

ਫਿਰ ਮੈਂ ਇਕ ਰੁਪਏ ਦਾ ਚੂਨਾ ਖਰੀਦ ਲਿਆ-ਇਆ । ਉਸ ਨੂੰ ਪਾਣੀ ਵਿਚ ਘੋਲ ਕੇ ਪੰਜਾਂ ਘੜਿਆਂ ਤੇ ਗਾੜ੍ਹੀ-ਗਾੜ੍ਹੀ ਸਫ਼ੈਦੀ ਕਰ ਦਿਤੀ । ਹੁਣ ਇਹ ਤਾਜ ਮਹਲ ਦੀ ਤਰ੍ਹਾਂ ਚਮਕਣ ਲੱਗੇ ।

ਦੋ ਸਾਲ ਮੈਂ ਇਸ ਤਾਜਮਹਲ ਦੀ ਹਿਫ਼ਾਜ਼ਤ ਕਰਦਾ ਰਿਹਾ । ਇਸ ਸਮੇਂ ਦੌਰਾਨ ਨਗਰਪਾਲਕਾ ਦੇ ਅਫ਼ਸਰ ਆਏ, ਪੁਲਸ ਵਾਲੇ ਆਏ, ਬੁਲਡੋਜ਼ਰ ਮਸ਼ੀਨਾਂ ਲੈ ਕੇ ਆਏ । ਸਾਰਿਆਂ ਨੇ ਉਸ ਤਾਜਮਹਲ ਨੂੰ ਢਾਉਣ ਦੀ ਕੋਸ਼ਿਸ਼ ਕੀਤੀ । ਉਹਨਾਂ ਦੇ ਆਸ-ਪਾਸ ਦੀਆਂ ਸਾਰੀਆਂ ਝੌਂਪੜੀਆਂ ਢਾਹ ਦਿੱਤੀਆਂ । ਉਹ ਕਹਿਣ ਲੱਗੇ ਕਿ ਇਹ ਝੌਂਪੜੀਆਂ ਸ਼ਹਿਰ ਦੀ ਖ਼ੂਬਸੂਰਤੀ ਨੂੰ ਬਦਸੂਰਤੀ 'ਵਿਚ ਬਦਲਦੀਆਂ ਹਨ । ਫ਼ਲਾਣੇ-ਫਲਾਣੇ ਕਾਨੂੰਨ ਅਨੁਸਾਰ ਇਹ ਝੌਂਪੜੀਆਂ ਗੈਰ-ਕਾਨੂੰਨੀ ਹਨ ।

ਮੈਂ ਕਿਹਾ, "ਝੌਂਪੜੀਆਂ ਨੂੰ ਢਾਹ ਦਿਉ, ਪਰ ਮੈਂ ਇਹ ਤਾਜਮਹਲ ਕਿਸੇ ਨੂੰ ਨਹੀਂ ਢਾਉਣ ਦਿਆਂਗਾ । ਇਸਦੀ ਹਿਫ਼ਾਜ਼ਤ ਲਈ ਮੈਂ ਆਪਣੀ ਜਾਨ ਦੇ ਦਿਆਂਗਾ ।'

ਇਕ ਆਦਮੀ ਨੇ ਇਸ਼ਾਰੇ ਨਾਲ ਕਿਹਾ, 'ਇਹ ਆਦਮੀ ਤਾਂ ਵਿਚਾਰਾ ਪਾਗਲ ਏ ।"

ਸੋ ਉਸ ਦਿਨ ਉਹਨਾਂ ਨੇ ਤਾਜਮਹਲ ਨੂੰ ਉਵੇਂ ਰਹਿਣ ਦਿਤਾ । ਉਸ ਰਾਤ, ਜਦੋਂ ਮੈਂ ਸੁੱਤਾ ਪਿਆ ਸਾਂ ਤਾਂ ਸੁਪਨਾ ਆਇਆ ਕਿ ਇਕ ਬੰਬ ਤਾਜਮਹਲ ਤੇ ਡਿਗਿਆ ਅਤੇ ਉਸ ਨੇ ਮੁਹੱਬਤ ਦੀ ਇਸ ਅਨੋਖੀ ਤੇ ਅਨਮੋਲ ਯਾਦਗਾਰ ਦੇ ਟੁਕੜੇ-ਟੁਕੜੇ ਕਰ ਦਿਤੇ ।

ਇਕ ਦਮ ਮੇਰੀ ਅੱਖ ਖੁਲ੍ਹ ਗਈ । ਮੈਂ ਇਹ ਦੇਖ ਕੇ ਸੁੰਨ ਹੋ ਗਿਆ ਕਿ ਤਾਜਮਹਲ ਦੇ ਪੰਜੇ ਘੜੇ

ਟੁੱਟ ਕੇ ਟੁਕੜੇ-ਟੁਕੜੇ ਹੋ ਗਏ ਹਨੇ। ਪਰ ਸ਼ੁਕਰ ਹੈ, ਘੜੋਲੀ ਸਹੀ-ਸਲਾਮਤ ਸੀ। ਮੈਂ ਘੜੋਲੀ ਚੁੱਕੀ ਤੇ ਉਥੋਂ ਚੱਲ ਪਿਆ। ਸਿਪਾਹੀ ਪਾਗਲ ਦੀ ਇਸ ਹਰਕਤ ਉਤੇ ਹਸਣ ਲੱਗੇ। ਪਰ ਮੈਂ ਪਾਗਲ ਨਹੀਂ ਸਾਂ। ਪਾਗਲ ਤੇ ਉਹ ਸਨ। ਇਸ ਲਈ ਮੈਂ ਫਿਰ ਘੜਿਆਂ ਵਾਲੇ ਦੀ ਦੁਕਾਨ ਤੇ ਗਿਆ। ਪੰਜ ਘੜੇ ਖਰੀਦੇ, ਚੂਨਾ ਖਰੀਦਿਆ। ਘੜਿਆਂ ਤੇ ਸਫੈਦੀ ਕੀਤੀ ਤੇ ਰਾਤ ਦੇ ਹਨੇਰੇ ਵਿਚ ਆਪਣਾ ਤਾਜਮਹਲ ਫਿਰ ਉਸਾਰ ਲਿਆ।

ਸਵੇਰੇ ਹੀ ਸੂਰਜ ਦੀਆਂ ਕਿਰਣਾਂ ਜਦੋਂ ਉਸ ਤੇ ਪਈਆਂ ਤਾਂ ਮੇਰਾ ਬਣਾਇਆ ਤਾਜਮਹਲ ਇੰਜ ਲੱਗਾ ਜਿਵੇਂ ਉਹ ਸਚਮੁੱਚ ਮੁਹੱਬਤ ਦੀ ਇਕ ਅਮਰ ਨਿਸ਼ਾਨੀ ਹੋਵੇ।

ਕੀ ਇਸ ਨੂੰ ਤੁਸੀਂ ਤੋੜ ਦੇਵੋਗੇ, ਸਰਕਾਰ ?

o

---

ਕਹਾਣੀ

## ਬੁਰੀ ਹੋਈ ਜੀਤੂ ਨਾਲ

**ਹਰਬੰਸ**

ਜੀਤੂ ਸਾਡੇ ਪਿੰਡ ਦਾ ਇਕ ਦਰਮਿਆਨਾ ਜਿਹਾ ਕਿਸਾਨ ਹੈ। ਉਸਦਾ 'ਛੋਟਾ' ਜਿਹਾ ਟੱਬਰ ਹੈ, ਹੋਣਗੇ ਕੋਈ ਗਿਆਰਾਂ ਕੁ ਜੁਆਕ ਤੇ ਉਹਦੀ ਘਰਵਾਲੀ। ਉਸਦਾ ਇਕ ਮੁੰਡਾ, ਲੱਗਭੱਗ ਅਨਪੜ ਜਿਹਾ, ਕਿਸੇ ਲਾਗਲੇ ਪਿੰਡ ਮੰਗਿਆ ਹੋਇਆ ਸੀ। ਕੁੜੀ ਵਾਲੇ ਕੋਈ ਬਹੁਤੇ ਅਮੀਰ ਨਹੀਂ ਸੀ, ਇਸ ਕਰਕੇ ਬਹੁਤਾ ਦਾਜ ਆਉਣ ਦੀ ਕੋਈ ਆਸ ਨਹੀਂ ਸੀ। ਇਹ ਗੱਲ ਮੰਗਣੇ ਵੇਲੇ ਬਿਲਕੁਲ ਸਾਫ਼ ਹੋ ਗਈ ਸੀ ਕਿ ਕੁੜੀ ਵਾਲੇ ਵਿਆਹ ਠੀਕ ਠੀਕ ਹੀ ਕਰਨਗੇ। ਪਰ ਜੀਤੂ ਤੇ ਉਹਦੀ ਘਰ ਵਾਲੀ ਨਾਲੇ ਉਹਨਾਂ ਦਾ ਮੁੰਡਾ ਚਾਹੁੰਦੇ ਸਨ ਕਿ ਘੱਟੋ ਘੱਟ ਫਲਾਣੀਆਂ, ਫਲਾਣੀਆਂ, ਫਲਾਣੀਆਂ ਤੇ ਚੀਜ਼ਾਂ ਤਾਂ ਦਾਜ 'ਚ ਜ਼ਰੂਰ ਹੀ ਆਉਣੀਆਂ ਚਾਹੀਦੀਆਂ ਨੇ। ਦਿਨ ਬੀਤ ਰਹੇ ਸਨ ਤੇ ਜੀਤੂ ਹੋਰੀਂ ਇਸ ਦੁਚਿੱਤੀ 'ਚ ਉਲਝੇ ਹੋਏ ਸਨ ਕਿ ਮੁੰਡੇ ਨੂੰ ਇਥੇ ਹੀ ਵਿਆਹ ਲਿਆ ਜਾਵੇ ਜਾਂ...।

ਇਕ ਦਿਨ ਜੀਤੂ ਦਾ ਕੋਈ ਵਾਕਫ ਉਹਨੂੰ ਮਿਲਣ ਆਇਆ। ਦਾਰੂ ਦਾ ਚੱਕਰ ਚੱਲਿਆ ਅਤੇ ਨਸ਼ੇ 'ਚ ਧੁੱਤ ਹੋਏ ਜੀਤੂ ਦੇ ਵਾਕਫ ਨੇ ਫੜ ਮਾਰੀ, "ਜੀਤ ਸਿਹਾਂ, ਛੱਡ ਪਰੇ ਉਸ ਨੰਗ ਦਾ ਰਿਸ਼ਤਾ। ਮੈਂ ਕਰਾਉਨੰ ਤੇਰੇ ਮੁੰਡੇ ਨੂੰ ਰਿਸ਼ਤਾ, ਮੋਟਰ ਸਾਈਕਲ ਦਵਾਊਂ ਨਾਲੇ ਟੈਲੀਵੀਜ਼ਨ ਤੇ ਫਰਿਜ ਵੀ। ਜਿਹੋ ਜਿਹਾ ਵਿਆਹ ਤੂੰ ਕਹੇਂਗਾ ਉਹੋ ਜਿਹਾ ਹੋਊ।" ਏਨੀ ਕੁ ਗੱਲ ਸੁਣਨ ਦੀ ਦੇਰ ਸੀ ਕਿ ਜੀਤੂ ਤਾਂ ਮਨ ਹੀ ਮਨ 'ਚ ਨੱਚ ਉਠਿਆ। ਜੀਤੂ ਦੇ ਘਰਵਾਲੀ —ਜਿਹੜੀ ਰਸੋਈ 'ਚ ਰੋਟੀ ਤਿਆਰ ਕਰ ਰਹੀ ਸੀ—ਨੇ ਜਦੋਂ ਏਨੀ ਗੱਲ ਸੁਣੀ ਤਾਂ ਉਹਨੇ ਮਿੰਟਾਂ 'ਚ ਅੱਧਾ ਕਿਲੋ ਦੇਸੀ ਘਿਓ ਦਾ ਕੜਾਹ ਬਣਾ ਧਰਿਆ। ਖੈਰ ਜੀ ! ਮੁਕਦੀ ਗੱਲ, ਜੀਤੂ ਦੇ ਵਾਕਫ ਦੀ ਇਸ ਫੜ ਨੇ ਜੀਤੂ ਹੋਰਾਂ ਨੂੰ ਐਸੀ ਫੂਕ ਛਕਾਈ ਕਿ ਬੱਸ ਪੁਛੋ ਕੁਝ ਨਾ। ਰੋਟੀ ਖਾਂਦਿਆਂ ਜੀਤੂ ਨੇ ਆਪਣੇ ਵਾਕਫ ਨੂੰ ਪੱਕਾ ਕਰਨ ਲਈ ਦੋ ਤਿੰਨ ਵਾਰ ਪੁੱਛਿਆ, "ਦੇਖ ਲੈ ਚੰਨਣ ਸਿਹਾਂ ! ਕਿਤੇ ਉਹੀ ਗੱਲ ਨਾ ਹੋਵੇ ਬਈ ਅਸੀਂ ਇਧਰੋਂ ਵੀ ਰਹਿ ਜਾਈਏ ਤੇ ਉਧਰੋਂ ਵੀਂ।" ਤੇ ਚੰਨਣ ਸਿੰਘ ਨੇ ਹਰ ਵਾਰ ਇਕੋ ਜਵਾਬ ਦਿੱਤਾ, "ਮਖਾਂ ਜੀਤ ਸਿਹਾਂ ਕੋਈ ਗੱਲ ਐ ? ਜੱਟ ਦੀ ਜ਼ਬਾਨ ਐ, ਜਿਹੜੀ ਗੱਲ ਕੇਰਾਂ ਕਹਿ'ਤੀ ਚੰਨਣ ਸਿੰਘ ਫਿਰ ਪਿੱਛੇ ਨੀਂ ਹਟਦਾ ਚਾਹੇ ਸਿਰ ਚਲਿਆ ਜਾਵੇ। ਤੂੰ ਕੋਈ ਫਿਕਰੇ ਨਾ ਕਰ, ਗੱਲ ਨੂੰ ਪੱਥਰ ਤੇ ਲਕੀਰ ਏ ਸਮਝ। ਜੀਤੂ ਦਾ ਵਾਕਫ ਤਾਂ ਦੂਜੇ ਦਿਨ ਸਵੇਰੇ ਹੀ ਚਲਾ ਗਿਆ ਪਰ ਜੀਤੂ ਹੋਰਾਂ ਨੂੰ ਇਕ ਅਜਿਹੀ ਬੇਚੈਨੀ ਸਹੇੜ ਗਿਆ, ਜਿਹੜੀ ਸਿਰਫ ਉਦੋਂ ਹੀ ਹਟ ਸਕਦੀ ਸੀ, ਜਦੋਂ ਮੁੰਡੇ ਦਾ ਰਿਸ਼ਤਾ ਪਹਿਲੀ ਥਾਂ ਤੇ ਟੁੱਟ ਜਾਂਦਾ। ਜੀਤੂ ਕਈ ਦਿਨ ਲੂਹਣ ਲੱਗੀ ਵਾਂਗ ਫਿਰਦਾ ਰਿਹਾ ਤੇ ਬੱਸ ਦੋ ਕੁ ਹਫਤਿਆਂ 'ਚ ਹੀ ਸਮਾਨ ਦੀ ਮੋੜ ਮੜਾਈ ਹੋ ਗਈ, ਜਿਵੇਂ ਅਗਲੇ ਵੀ ਖਹਿੜਾ ਛੁਡਵਾਉਣ ਨੂੰ ਹੀ ਫਿਰਦੇ ਹੋਣ। ਜੀਤੂ ਹੋਰਾਂ ਨੇ ਤਾਂ ਐਂ ਖੁਸ਼ੀ ਮਨਾਈ ਜਿਵੇਂ ਉਮਰ ਕੈਦ ਤੋਂ ਬਰੀ ਹੋਏ ਹੋਣ।

ਤਾਂ ਹੁਣ ਜੀਤੂ ਹੋਰੀਂ ਲੱਗੇ ਆਪਣੇ ਵਾਕਫ ਨੂੰ ਸਨੇਹੇ ਘੱਲਣ ਪਰ ਵਾਕਫ਼ ਹੋਰੀਂ ਨਾ ਆਏ। ਜੀਤੂ ਆਪ ਵੀ ਦੋ ਤਿੰਨ ਵਾਰੀ ਉਸ ਕੋਲ ਗਿਆ ਅਤੇ ਉਸਨੂੰ 'ਜੱਟ ਦੀ ਜ਼ਬਾਨ' ਬਾਰੇ ਪੁੱਛਿਆ ਪਰ ਉਸਨੇ ਕੋਈ ਆਈ ਗਈ ਨਾ ਦਿੱਤੀ। ਇਕ ਦਿਨ ਜੀਤੂ ਨੂੰ ਉਸਦੇ ਵਾਕਫ ਦੇ ਪਿੰਡ ਦਾ ਕੋਈ ਹੋਰ ਬੰਦਾ ਮਿਲਿਆ। ਜੀਤੂ 'ਵਿਚਾਰੇ' ਨੇ ਉਸ ਕੋਲ ਗੱਲ ਕੀਤੀ। ਤਾਂ ਅੱਗੋਂ ਉਸ ਬੰਦੇ ਨੇ ਕਿਹਾ, 'ਭਲਿਆ ਮਾਣਸਾ ! ਤੂੰ ਉਹਦੇ 'ਤੇ ਯਕੀਨ ਕਿਵੇਂ ਕਰ ਲਿਆ ? ਉਹਦੀ ਕੋਈ ਜ਼ਬਾਨ ਐ ? ਤੇਰੇ ਕੋਲ ਦਾਰੂ ਪੀ ਕੇ ਐਂਵੇਂ ਫੜ ਮਾਰ ਗਿਆ। ਤੂੰ ਆਪ ਸੋਚ ! ਉਹ ਤੇਰੇ ਮੁੰਡੇ ਨੂੰ ਰਿਸ਼ਤਾ ਕਿਥੋਂ ਕਰਾ ਦੂ, ਰਿਸ਼ਤਾ ਤਾਂ ਉਹਦੇ ਆਪਣੇ ਮੁੰਡੇ ਨੂੰ ਨੀਂ ਹੁੰਦਾ ਕਿਤੋਂ ? ਅੰਤ ਜੀ ! ਜੀਤੂ ਹੋਰੀਂ ਤਾਂ ਬਹਿ ਗਏ ਮੱਥਾ ਫੜਕੇ, ਅਖੇ, 'ਪੱਟਿਆ ਗਿਆ ਮੈਂ ਤਾਂ ਸਾਲੇ 'ਤੇ ਯਕੀਨ ਕਰਕੇ। ਅੱਗੇ ਖੁਸੀਂ ਹੋਇਆ ਤਾਂ ਰਿਸ਼ਤਾ, ਹੁਣ ਉਥੋਂ ਵੀ ਗਏ, ਕੋਈ ਰਾਹ ਨੀ ਹੁਣ, ਕੋਈ

ਹੀਲਾ ਨੀਂ ।'

ਮੇਰੇ ਇਕ ਦੋਸਤ ਦੀ ਮਾਸੀ ਦੀ ਕੁੜੀ ਮੰਗਣ ਵਿਆਹੁਣ ਵਾਲੀ ਸੀ । ਸੋਹਣੀ, ਸਾਊ ਤੇ ਕਾਮੀ ਕੁੜੀ ਸੀ । ਪਰ ਮਾਸੀ ਹੁਰੀਂ ਵੀ ਬਹੁਤਾ ਦਾਜ ਨਹੀਂ ਦੇ ਸਕਦੇ । ਮੈਂ ਤੇ ਮੇਰੇ ਦੋਸਤ ਨੇ ਸਲਾਹ ਮਸ਼ਵਰਾ ਕਰਕੇ ਜੀਤੂ ਨਾਲ ਗੱਲ ਕੀਤੀ ਕਿ ਅਸੀਂ ਉਸ ਕੁੜੀ ਦਾ ਰਿਸ਼ਤਾ ਲਿਆ ਦਿੰਦੇ ਹਾਂ । ਪਰ ਜੀਤੂ ਨੇ ਕੋਈ ਆਈ ਗਈ ਨਾ ਦਿੱਤੀ, ਕਾਰਨ ਇਹ ਕਿ ਕੁਝ ਦਿਨਾਂ ਤੋਂ ਪੰਜ ਚਾਰ ਚੰਗੇ ਸਰਦੇ ਪੁਜਦੇ ਘਰਾਂ ਵਾਲੇ ਜੀਤੂ ਦੇ ਮੁੰਡੇ ਨੂੰ ਵੇਖ ਗਏ ਸਨ । ਪਰ ਹੋਇਆ ਇਹ ਕਿ ਜੀਤੂ ਦੀਆਂ ਲਾਲਾਂ ਡਿਗਦੀਆਂ ਵੇਖਕੇ ਉਹਨਾਂ 'ਚੋਂ ਕੋਈ ਵੀ ਰਿਸ਼ਤਾ ਕਰਨ ਲਈ ਤਿਆਰ ਨਾ ਹੋਇਆ । ਫਿਰ ਵੇਖਣ ਆਉਣ ਵਾਲੇ ਵੀ ਲੱਗਭੱਗ ਬੰਦ ਹੋ ਗਏ । ਜੀਤੂ ਹੋਰਾਂ ਦੇ ਲੱਗੇ ਫਿਰ ਡੋਬੂ ਪੈਣ, 'ਕਿਤੇ ਮੁੰਡਾ ਛੜਾ ਹੀ ਨਾ ਰਹਿ ਜਾਵੇ ।'

ਦੋ ਕੁ ਮਹੀਨਿਆਂ ਬਾਅਦ ਮਾਸੀ ਹੋਰਾਂ ਨੇ ਆਪਨੀ ਧੀ ਦੇ ਮੰਗਣੇ ਦੀ ਗੱਲ ਕਿਸੇ ਹੋਰ ਥਾਂ ਪੱਕੀ ਕਰ ਲਈ । ਜਦੋਂ ਇਸ ਗੱਲ ਦਾ ਪਤਾ ਜੀਤੂ ਹੋਰਾਂ ਨੂੰ ਲੱਗਿਆ ਤਾਂ ਉਹਨਾਂ ਦੇ ਤਾਂ ਜਿਵੇਂ ਸਾਹ ਸੁੱਕ ਗਏ ਹੋਣ । ਜੀਤੂ ਹੋਰੀਂ ਆਪਣੇ ਦਿਮਾਗ ਨਾਲ ਜਿਹੜੀਆਂ ਸਕੀਮਾਂ ਲੜਾਉਂਦੇ ਸਨ, ਹੁਣ ਉਹ ਵੀ ਫੇਲ੍ਹ ਹੁੰਦੀਆਂ ਜਾਂਦੀਆਂ ਸਨ । ਜੀਤੂ ਹੋਰੀਂ ਸੋਚਦੇ ਸਨ ਕਿ ਜੇ ਤਾਂ ਕੋਈ ਮੋਟੀ ਮੁਰਗੀ ਫਸ ਗਈ, ਫਿਰ ਤਾਂ ਅਸੀਂ ਕਿਸੇ ਦੇ ਲੈਣ ਦੇ ਨਹੀਂ ਤੇ ਜੇ ਕੋਈ ਗੱਲ ਨਾ ਬਣੀ ਤਾਂ ਉਹ ਸੋਚਦੇ ਸਨ ਕਿ ਸਾਡਾ ਮਿੰਨਤ-ਤਰਲਾ ਕਰਕੇ ਇਸ ਕੁੜੀ ਦਾ ਰਿਸ਼ਤਾ ਤਾਂ ਜਦ ਮਰਜ਼ੀ ਲੈ ਲਈਏ । ਉਹਨਾਂ ਦੇ ਚਿਤ ਚੇਤੇ ਵੀ ਨਹੀਂ ਸੀ ਕਿ ਏਡੀ ਛੇਤੀ ਇਸ ਕੁੜੀ ਦੇ ਮੰਗਣ ਦੀ ਤਿਆਰੀ ਹੋ ਜਾਊ । ਉਹ ਤਾਂ ਇਹਨੂੰ 'ਰਿਜ਼ਰਵ ਕੋਟਾ' ਸਮਝਦੇ ਸਨ । ਜੀਤੂ ਹੋਰਾਂ ਨੇ ਲਿਆ ਕੁਝ ਆਪਣੀ ਅਕਲ ਤੋਂ ਕੰਮ ਤੇ ਉਹਨਾਂ ਬੜੀ ਅਪਣੱਤ ਦਿਖਾਉਂਦਿਆਂ ਸਾਡੇ ਨਾਲ ਗੱਲ ਕੀਤੀ । ਅਸੀਂ ਕਿਹਾ ਬਈ ਜਦੋਂ ਅਸੀਂ ਕਹਿੰਦੇ ਸਾਂ ਉਦੋਂ ਤਾਂ ਤੁਸੀਂ ਮੰਨੇ ਨਹੀਂ, ਹੁਣ ਅਗਲਿਆਂ ਪੱਕ-ਠੱਕ ਕਰ ਲਈ ਹੈ, ਹੁਣ ਅਸੀਂ ਕੀ ਕਰ ਸਕਦੇ ਹਾਂ ? ਜੀਤੂ ਹੋਰਾਂ ਆਪਣਾ ਹੋਰ ਦਿਮਾਗ ਲੜਾਇਆ, ਉਹਨਾਂ ਮੇਰੇ ਦੋਸਤ ਦੇ ਮਾਂ-ਪਿਉ ਕੋਲ ਜਾ ਮਿੰਨਤ-ਤਰਲਾ ਕੀਤਾ । ਆਖਣ, 'ਅਸੀਂ ਸਾਰੀ ਉਮਰ ਥੋੜਾ 'ਸਾਨ ਨੀ ਭੁਲਾਉਂਦੇ, ਤੁਸੀਂ ਕਿਵੇਂ ਕਰੋ ਮੁੰਡੇ ਨੂੰ ਰਿਸ਼ਤਾ ਲਿਆਦੋ ।' ਮੇਰੇ ਦੋਸਤ ਦੇ ਮਾਂ-ਪਿਉ ਨੇ ਗੱਲ ਸਾਫ ਕੀਤੀ, 'ਭਾਈ ਉਹ ਨੇ ਗਰੀਬ, ਦਾਜ-ਦੂਜ ਤਾਂ ਬਹੁਤਾ ਉਹ ਦੇ ਨੀਂ ਸਕਦੇ । ਤੁਸੀਂ ਹੁਣ ਦੇਖ ਲੋ, ਜੇ ਥੋੜੀ ਕੋਈ ਮੰਗ ਐ ਤਾਂ ?' ਜੀਤੂ ਹੋਰਾਂ ਅੱਗੋਂ ਬੜੇ ਤਰਲੇ ਭਰੇ ਅੰਦਾਜ਼ 'ਚ ਜੁਵਾਬ ਦਿੱਤਾ, 'ਮਖਾਂ ਸਾਡੀ ਕੋਈ ਵੀ ਮੰਗ ਨੀ, ਨਾਲੇ ਕਿਸੇ ਦੇ ਦਿਤਿਆਂ ਕੋਈ ਰੱਜਦੈ ? ਜਿਵੇਂ ਤੁਸੀਂ ਕਹੋ ਸਾਨੂੰ ਉਸੇ ਤਰ੍ਹਾਂ ਮਨਜ਼ੂਰ ਐ, ਜੰਞ ਵੀ ਪੰਜੇ ਬੰਦੇ ਜਾਵਾਂਗੇ । ਬੱਸ ਤੁਸੀਂ ਕੇਰਾਂ ਸਾਡੀ ਬੇੜੀ ਬੰਨੇ ਲਾਉ ।' ਮੇਰੇ ਦੋਸਤ ਦੇ ਮਾਂ-ਪਿਉ ਨੇ ਜੀਤੂ ਹੋਰਾਂ ਦਾ ਯਕੀਨ ਕਰ ਲਿਆ ਅਤੇ ਭੱਜ-ਨੱਠ ਕਰਕੇ ਇਕ ਦੋ ਹੋਰ ਨੇੜਲੇ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਮਾਸੀ ਹੋਰਾਂ ਨਾਲ ਗੱਲ ਕਰ ਲਈ । ਕੁਝ ਦਿਨਾਂ ਬਾਅਦ ਕਿਸੇ ਪਿੰਡ ਦਾ ਕੋਈ ਸਰਦਾ ਪੁਜਦਾ ਬੰਦਾ ਜੀਤੂ ਦੇ ਮੁੰਡੇ ਨੂੰ ਵੇਖਣ ਆਇਆ ਅਤੇ ਕਹਿ ਗਿਆ ਕਿ ਹਫਤੇ ਕੁ ਤਾਂਈਂ ਕੁੜੀ ਦੇ ਮਾਮੇ ਨੂੰ ਲਿਆਕੇ ਵਿਖਾਵਾਂਗੇ । ਦੂਜੇ ਦਿਨ ਮੇਰੇ ਦੋਸਤ ਦਾ ਪਿਉ ਵੀ, ਮਾਸੀ ਦੇ ਘਰਵਾਲੇ ਨੂੰ ਲੈ ਕੇ ਆ ਗਿਆ । ਜਦੋਂ ਉਹਨਾਂ ਗੱਲਬਾਤ ਚਲਾਈ ਤਾਂ ਅੱਗੋਂ ਜੀਤੂ ਹੋਰਾਂ ਦੀ ਤਾਂ ਹਵਾ ਹੀ ਕੁਝ ਹੋਰ । ਅਖੇ ਜੀ, 'ਛੋਟੀ ਕੁੜੀ ਦਾ ਰਿਸ਼ਤਾ ਦਿਉ—ਜਿਹੜੀ ਦੱਸ ਪੜੀ ਹੋਈ ਐ । ਨਾਲੇ ਸ਼ਰੀਕੇ 'ਚ ਨੱਕ ਰੱਖਣ ਲਈ ਵਿਆਹ ਕੁਝ ਨਾ ਕੁਝ ਚੰਗਾ ਈ ਕਰਨਾ ਚਾਹੀਦੈ । ਐਵੇਂ ਪਾਣੀ 'ਚ ਵੀ ਨੀ ਨਾ ਬੈਠਿਆ ਜਾਂਦਾ ।' ਮੇਰੇ ਦੋਸਤ ਦਾ ਪਿਉ ਤਾਂ ਜੀਤੂ ਦੇ ਲੱਛਣ ਵੇਖਕੇ ਹੈਰਾਨ ਹੋਇਆ ਬੈਠਾ ਮੂੰਹ 'ਚ ਉਂਗਲਾਂ ਦੇਵੇ । ਖੈਰ ਜੀ ਉਹ ਕਹਿਕੇ, 'ਭਰਾਵਾ ਸਾਡੇ 'ਚ ਏਨਾ ਪਾਣੀ ਨੀਂ, ਆਪਣੀ ਗੱਲ ਨੀ ਬਣਨੀ' ਚਲੇ ਗਏ ।

ਜੀਤੂ ਹੋਰਾਂ ਦੇ ਪਛਤਾਉਣ ਤੋਂ ਬਿਨਾਂ ਫੇਰ ਹੱਥ ਕੁਝ ਨਾ ਲੱਗਿਆ ਕਿਉਂਕਿ ਉਹ ਸੱਜਣ ਵੀ ਮੁੜਕੇ ਨਾ ਆਇਆ ਜਿਹੜਾ ਕਹਿ ਗਿਆ ਸੀ, "ਕੁੜੀ ਦੇ ਮਾਮੇ ਨੂੰ ਲਿਆਕੇ ਵਿਖਾਵਾਂਗੇ ।"

o

**ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੀਆਂ ਪ੍ਰਕਾਸ਼ਨਾਵਾਂ**

ਬਾਣੀਆ ਸ਼ਹਿਰ / ਬਲਦੇਵ ਬਾਵਾ o ਮਾਲਕ ਕੌਣ / ਡਾ. ਹਰੀ ਸ਼ਰਮਾ / ਅਨੁਵਾਦਿਤ—(ਨਵੀਆਂ ਪ੍ਰਕਾਸ਼ਨਾਂ)
ਬੰਦੀਵਾਨ / ਫ਼ਖਰ ਜ਼ਮਾਨ o ਬੇਸੁਰਾ ਮੌਸਮ / ਸੰਪਾ: ਕਰਮਜੀਤ ਸਿੰਘ o ਨਵਾਂ ਸੂਰਜ / ਗੁਰਮੀਤ ਹੇਅਰ
ਕਿਸਦਾ ਕਸੂਰ/ਸਾਧੂ o ਕੁਝ ਵੀ ਨਹੀਂ/ਇਕਬਾਲ ਰਾਮੂਵਾਲੀਆ o ਮਲਾਹਾਂ ਦੀ ਹੇਕ ਤੇ/ਸੰਪਾਦਕ : ਨਵਕਿਰਨ
ਮਹਾਭੋਜ/ਨਾਵਲ/ਮੰਨੂ ਭੰਡਾਰੀ/ਅਨੁ: ਰਾਬਿੰਦਰ ਸਿੰਘ ਬਾਠ o ਲਹੂ ਬੋਲਦਾ ਹੈ/ਸੁਰਜੀਤ ਬਰਾੜ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ

ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

ਕਵਿਤਾ

# ਸਾਨੂੰ ਜ਼ਵਾਬ ਦਿਉ

ਇਹ ਕਵਿਤਾ ਮਰਾਠੀ ਤੋਂ ਅਨੁਵਾਦ ਹੋ ਕੇ ਅੰਗਰੇਜ਼ੀ ਵਿਚ 'Socialist Health Review' ਰਸਾਲੇ ਵਿਚ ਛਪੀ ਸੀ, ਜਿਸਤੋਂ ਪੰਜਾਬੀ ਵਿਚ ਅਨੁਵਾਦ ਕਰਕੇ ਸਮਤਾ ਲਈ ਦਿੱਤੀ ਜਾ ਰਹੀ ਹੈ।/ਸੰਪਾਦਕ

ਅਸੀਂ ਤਾਂ ਬੱਸ ਅੱਗਾਂ ਉਤੇ ਜਿਉ ਰਹੇ
ਭਾਅ ਨੇ ਸਭ ਅਸਮਾਨ ਨੂੰ ਹੁਣ ਛੋਹ ਰਹੇ
ਉਏ ਦੇਸ਼ ਦੇ ਹਾਕਮੋ
ਸਾਨੂੰ ਜਵਾਬ ਦਿਓ।

ਕੀ ਅਮਰੀਕਨ ਕਣਕ ਦੀ ਮੁੱਠੀ
ਅਤੇ ਕੰਕਰ ਰਲੀਆਂ ਦਾਲਾਂ
ਕੀ ਦੇਸ਼ ਵਾਸੀ ਅਨਾਜ ਨਹੀਂ ਉਗਾਉਂਦੇ
ਜਾਂ ਫਿਰ ਅਸੀਂ ਮਿੱਟੀ ਘੱਟਾ ਖਾਣ ਲਈ ਜਿਉਂਦੇ ਹਾਂ
ਸਾਨੂੰ ਜਵਾਬ ਦਿਓ !
ਅਸੀਂ ਤਾਂ ਰੰਗ ਦੁੱਧ ਦਾ ਵੀ ਭੁੱਲ ਗਏ
ਖੋਪਾ ਮੇਵੇ ਗੁਪਤਵਾਸ ਵਿਚ ਚਲੇ ਗਏ
ਤਾਕਤ ਦੀ ਦਵਾਈ ਸਾਡੇ ਬੱਚਿਆਂ ਲਈ
ਬੱਸ ਨਿਰੀ ਗੁੜ ਦੀ ਚਾਹ

ਘਿਉ ਹੋਰੀਂ ਭੀ ਚੜੇ ਨੇ ਸੋਨੇ ਦੇ ਭਾਅ।
ਨਾ ਹੀ ਜੁੱਟੀਆਂ ਨੂੰ ਹੁਣ ਕੋਈ ਤੇਲ ਜੁੜੇ
ਤੇਲ ਖੁਣੋਂ ਦੀਵੇ ਵੀ ਸਭ ਖੁਸ਼ਕ ਪਏ ਨੇ
ਨੇਰ੍ਹੇ ਦੇ ਲੋਕੀ ਤਾਈਓਂ ਆਦੀ ਹੋ ਗਏ ਨੇ।

ਅਸੀਂ ਗਰਮੀ ਵਿਚ ਸੜਦੇ, ਮੀਂਹਾਂ 'ਚ ਨੁੱਚੜਦੇ
ਨੰਗੇ ਪਿੰਡੇ ਪਾਲਾ ਜਰਦੇ
ਕਿਉਂ ਸਾਡਾ ਸਿਰ ਢੱਕਣ ਨਹੀਂ ਹੁੰਦਾ ?

ਅਸੀਂ ਦਿਨੇ ਰਾਤ ਕਮਾਈਏ
ਫੇਰ ਵੀ ਅੱਧ-ਭੁਖੇ ਸੌਂ ਜਾਈਏ
ਜਦ ਕਿ ਮਗਰਮੱਛਾਂ ਦੇ ਪੇਟ ਮੱਖਣਾਂ ਨਾਲ ਨੇ ਤੂੜੇ ਹੁੰਦੇ
ਕਿਉਂ ਚੋਰਾਂ ਦੇ ਹੱਥ ਰੋਟੀ ਹੈ
ਤੇ ਅਸਲੀ ਮਾਲਕਾਂ ਨਾਲ ਫਰੇਬ ਹੋ ਰਿਹਾ ?

ਅਮੀਰਾਂ ਦੇ ਤਾਂ ਪਸ਼ੂਆਂ ਲਈ ਵੀ ਵਧੀਆ ਦਾਣੇ
ਤੇ ਜੰਗਲਾਂ ਦੀ ਉਨਤੀ ਲਈ ਰਾਖਵੀਂ ਭੂਮੀ
ਪਰ ਜਿਉਂਦੇ ਜੀਆਂ ਦੀ ਉਨਤੀ ਲਈ ਭੂਮੀ ਕਿਉਂ ਨਹੀਂ ?
ਵੱਡੇ ਵੱਡੇ ਮਹਿਲ ਸਾਡੀਆਂ ਅੱਖਾਂ ਸਾਹਵੇਂ ਉਸਰੇ
ਮੋਟਰਾਂ ਕਾਰਾਂ ਨੇ ਸੜਕਾਂ ਨੀਵੀਆਂ ਕਰ ਰੱਖੀਆਂ ਨੇ
ਕਿਸਦੀ ਮਿਹਨਤ ਸਦਕਾ ਨਿਆਮਤਾਂ ਸਭ ਹੋਈਆਂ ਨੇ·
ਜਵਾਬ ਦਿਓ ?

ਅਸੀਂ ਅਜ਼ਾਦੀ ਵਾਸਤੇ ਜਿਹਲਾਂ ਭਰੀਆਂ ਤੇ
ਗੋਰਿਆਂ ਦੀਆਂ ਕਾਰਾਂ ਵਿਚ ਬੰਬ ਧਰੇ ਸਨ
ਕੀ ਗਊ ਮਾਤਾ ਨੂੰ ਮੋਟੀ ਕਰਨ ਲਈ
ਅਸੀਂ ਇਹ ਕੰਮ ਕਰੇ ਸਨ ?
ਜਦੋਂ ਅਸੀਂ ਤਨਖਾਹਾਂ ਵਿਚ ਵਾਧੇ ਦੀ ਗੱਲ ਕਰੀਏ
ਜਾਂ ਫਿਰ ਬੇਰੁਜ਼ਗਾਰਾਂ ਲਈ ਕੰਮ ਦੀ
ਕਿਉਂ ਹਰ ਵਾਰੀ ਜਿਹਲ, ਕੁਟਮਾਰ ਤੇ
ਗੋਲੀ ਹੀ ਮਿਲਦੀ ?
ਹੁਣੇ ਤੁਸੀਂ ਇਕ ਨਵਾਂ ਬਹਾਨਾ ਲਾਇਆ ਹੈ
ਤੇ ਸਮਾਜਵਾਦ ਦਾ ਬੁਰਕਾ ਪਾਇਆ ਹੈ।
ਪਰ ਅਸੀਂ ਅੱਜ ਦਾ ਲਾਰਾ ਨਹੀਂ
ਭਵਿੱਖ ਦਾ ਵਾਇਦਾ ਚਾਹੁੰਦੇ ਹਾਂ।

ਹੁਣ ਅਸੀਂ ਆਪਣੇ ਪੈਰਾਂ ਤੇ ਆਪ ਖੜ੍ਹੇ ਹੋਵਾਂਗੇ।
ਅਸੀਂ ਜ਼ਾਤਪਾਤ ਤੇ ਧਰਮ ਦੇ ਫਰਕ ਮਿਟਾ ਦੇਵਾਂਗੇ।
ਅਸੀਂ ਮਿਹਨਤੀ ਭੈਣਾਂ ਭਰਾਵਾਂ ਦੇ ਏਕੇ ਲਈ
ਹੋਕਾ ਦੇਵਾਂਗੇ।
ਹੁਣ ਜ਼ਿੰਦਗੀ ਲਈ ਲੜਨ ਦੀ ਸਹੁੰ ਖਾਂਦੇ ਹਾਂ
ਸਰਮਾਏਦਾਰੀ ਨੂੰ ਕਬਰਾਂ ਵਿਚ ਦਬਾਵਾਂਗੇ।
ਅਤੇ ਆਪਣੇ ਰਾਜ ਦਾ ਡੰਕਾ ਵਜਾਵਾਂਗੇ।

(ਭਾਸਕਰ ਯਾਦਵ, 1971)
ਅਨੁਵਾਦਕ : ਜਗਦੀਸ਼

# ਇਕ ਮੁਲਕ—ਅਲ-ਸਲਵਾਦੋਰ

ਅਲ-ਸਲਵਾਦੋਰ, ਮੱਧ ਅਮਰੀਕਾ ਦਾ ਇਕ ਛੋਟਾ ਜਿਹਾ ਦੇਸ਼ ਹੈ, ਜਿਸਦੀ ਕੁਲ ਆਬਾਦੀ 45 ਲੱਖ ਹੈ। ਇਸ ਮੁਲਕ ਦੇ ਇਕ ਪਾਸੇ ਗੁਆ ਤੇਮਾਲਾ ਅਤੇ ਦੂਜੇ ਪਾਸੇ ਹੋਂਦੂਰਸ ਦੇਸ਼ ਹਨ ਅਤੇ ਬਾਕੀ ਇਲਾਕਾ ਪ੍ਰਸ਼ਾਂਤ ਮਹਾਂਸਾਗਰ ਦੇ ਕਿਨਾਰੇ ਹੈ।

ਇਸ ਮੁਲਕ ਦੀ ਕੁਲ ਭੂਮੀ ਦਾ 40 ਫੀ ਸਦੀ ਹਿੱਸਾ 900 ਜ਼ਿਮੀਦਾਰਾਂ ਦੀ ਮਲਕੀਅਤ ਹੈ ਅਤੇ ਬਾਕੀ 60 ਫੀ ਸਦੀ ਆਬਾਦੀ ਗ਼ਰੀਬੀ ਦੀ ਰੇਖਾ ਤੋਂ ਬਹੁਤ ਨੀਵੇਂ ਪੱਧਰ ਤੇ ਜੀਵਨ ਬਤੀਤ ਕਰ ਰਹੀ ਹੈ। 25 ਫੀਸਦੀ ਬੱਚੇ 5 ਸਾਲ ਦੀ ਉਮਰ ਤੱਕ ਬਿਮਾਰੀ ਜਾਂ ਭੁੱਖਮਰੀ ਦਾ ਸ਼ਿਕਾਰ ਹੋ ਕੇ ਮਰ ਜਾਂਦੇ ਹਨ।

1932 ਵਿਚ ਭੂਮੀਹੀਨ ਕਿਸਾਨਾਂ ਨੇ ਅੰਦੋਲਨ ਚਲਾਇਆ ਤਾਂ ਮੌਕੇ ਦੇ ਹਾਕਮਾਂ ਨੇ ਉਨ੍ਹਾਂ ਨੂੰ ਕੁਚਲਣ ਲਈ ਵੱਡੇ ਪੈਮਾਨੇ ਤੇ ਹਿੰਸਾ ਦਾ ਸਹਾਰਾ ਲਿਆ। ਇਕ ਅਨੁਮਾਨ ਅਨੁਸਾਰ 32,000 ਲੋਕ ਇਸ ਕਤਲੇਆਮ ਵਿਚ ਮਾਰੇ ਗਏ। ਉਦੋਂ ਤੋਂ ਹੁਣ ਤੱਕ ਵੀ ਤਾਨਾਸ਼ਾਹੀ

ਹਕੂਮਤ ਦਾ ਉਹੀ ਰਵੱਈਆ ਜਾਰੀ ਹੈ। ਬਰਤਾਨੀਆਂ ਦੇ ਪੱਤਰਕਾਰ ਜਾਨ ਵਿਲਜ਼ਰ ਦੀ ਰੀਪੋਰਟ ਅਨੁਸਾਰ 1982-83 ਵਿਚ ਵਿਚ ਲੱਗ ਭੱਗ ਵੀਹ ਹਜ਼ਾਰ ਲੋਕ ਦੱਖਣ ਪੱਖੀ ਹਥਿਆਰੇ ਦਸਤਿਆਂ ਰਾਹੀਂ ਮੌਤ ਦੇ ਘਾਟ ਉਤਾਰ ਦਿੱਤੇ ਗਏ।

1980 ਤੋਂ ਲੋਕਾਂ ਨੇ ਫੌਜੀ ਤਾਨਾਸ਼ਾਹੀ ਅਤੇ ਵੱਡੇ ਜ਼ਿਮੀਦਾਰਾਂ ਵਿਰੁੱਧ ਗੁਰੀਲਾ ਜੰਗ ਛੇੜੀ ਹੋਈ ਹੈ, ਜਿਸ ਵਿਚ ਕੁਝ ਹੱਦ ਤੱਕ ਸਫਲਤਾ ਵੀ ਪ੍ਰਾਪਤ ਹੋਈ ਹੈ ਪ੍ਰੰਤੂ ਮਰਨ ਗਿਣਤੀ ਨੂੰ ਦੇਖਦਿਆਂ ਤਾਂ ਇੰਜ ਲੱਗਦਾ ਹੈ ਜਿਵੇਂ ਇਹ ਛੋਟਾ ਜਿਹਾ ਮੁਲਕ ਇਕ ਵੱਡਾ ਬੁੱਚੜਖਾਨਾ ਬਣ ਗਿਆ ਹੋਵੇ। ਫੌਜੀ ਸ਼ਾਸਨ, ਅਮਰੀਕੀ ਸੈਨਾ ਦਾ ਵੱਡੇ ਪੱਧਰ ਤੇ ਸਹਾਰਾ ਲੈ ਰਿਹਾ ਹੈ। ਬ੍ਰਿਟਿਨ ਦੀ ਇਕ ਮਾਨਵ ਅਧਿਕਾਰ ਕਮੇਟੀ ਨੇ ਸੈਨਾ ਉਤੇ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨ ਦਾ ਦੋਸ਼ ਵੀ ਲਗਾਇਆ ਹੈ।

ਕੁਝ ਮੁਲਕਾਂ ਦੇ ਦਬਾਅ ਅਧੀਨ ਉਥੋਂ ਦੇ ਤਾਨਾ-ਸ਼ਾਹਾ ਨੇ ਪਿਛਲੇ ਸਾਲ ਅਮਰੀਕੀ ਕੰਪਿਊਟਰਾਂ ਦੀ ਮੱਦਦ ਨਾਲ ਚੋਣਾਂ ਕਰਵਾਉਣ ਦਾ ਢੋਂਗ ਵੀ ਰਚਿਆ ਸੀ, ਜਿਸ ਵਿਚ ਕਿਸੇ ਵੀ ਵਿਰੋਧੀ ਦਲ ਨੂੰ ਹਿੱਸਾ ਲੈਣ ਦਾ ਅਧਿਕਾਰ ਨਹੀਂ ਦਿੱਤਾ ਗਿਆ ਸੀ।

ਹੁਣ ਭਾਵੇਂ ਨਿਪੋਲੀਅਨ ਦੁਆਂਤੇ ਰਾਸ਼ਟਰਪਤੀ ਬਣ ਗਏ ਹਨ,ਪਰੰਤੂ ਅਸਲੀ ਸਾਸ਼ਕ ਤਾਂ ਅਮਰੀਕੀ ਦੂਤਾਵਾਸ ਅਤੇ ਫੌਜ ਹੀ ਹੈ।

ਰੋਕੇ ਦਾਲਤੋਨ, ਅਲ-ਸਲਵਾਦੋਰ ਦਾ ਪ੍ਰਸਿੱਧ ਨੌਜਵਾਨ ਕ੍ਰਾਂਤੀਕਾਰੀ ਕਵੀ ਸੀ, ਜਿਸਦੀ 1979 ਵਿਚ ਹੱਤਿਆ ਕਰ ਦਿੱਤੀ ਗਈ ਸੀ। ਇਸ ਕਵੀ ਦੀ ਇਕ ਨਜ਼ਮ ਹਾਜ਼ਰ ਹੈ।/ ਸੁਰਿੰਦਰ ਰਾਮਪੁਰੀ

## ਅਖ਼ਬਾਰ ਵਿਚ ਛਪੀ ਇਕ ਬੁਰੀ ਖ਼ਬਰ

ਰੋਕੇ ਦਾਲਤੋਨ

ਅੱਜ ਕਲ ਜਦੋਂ ਮਾਰੇ ਜਾਂਦੇ ਹਨ ਮੇਰੇ ਦੋਸਤ
ਤਾਂ ਮਾਰੇ ਜਾਂਦੇ ਹਨ ਸਿਰਫ਼ ਉਨ੍ਹਾਂ ਦੇ ਨਾਮ
ਹੱਤਿਆਵਾਂ ਨਾਲ ਭਰੇ ਇਸ ਖੂਹ 'ਚੋਂ ਨਿਕਲਕੇ
ਅਖ਼ਬਾਰ ਦੀ ਖ਼ਬਰ ਦੀ ਸਿਆਹੀ ਦੇ ਇਲਾਵਾ
ਕੋਈ ਹੋਰ ਕਿਤੇ ਪਹੁੰਚਣ ਦੀ ਉਮੀਦ ਹੀ ਕੀ
ਕਰ ਸਕਦਾ ਹੈ

ਇਹ ਇਸ ਮਾਮੂਲੀ ਸਿਆਹੀ ਦਾ ਹੀ ਕਰਿਸ਼ਮਾ ਹੈ।
ਕਿ ਉਹ ਤੀਰ ਦੀ ਤਰ੍ਹਾਂ .
ਸਾਡੀਆਂ ਡੂੰਘੀਆਂ ਯਾਦਾਂ ਵਿਚ ਧੱਸ ਜਾਂਦੀ ਹੈ।

ਜਿਨ੍ਹਾਂ ਦੀ ਜ਼ਿੰਦਗੀ ਗੁਜ਼ਰਦੀ ਹੈ ਕੈਦ ਤੋਂ ਬਾਹਰ
ਸਿਰਫ ਉਹੀ ਲੋਕ ਕਰ ਸਕਦੇ ਹਨ
ਇਨ੍ਹਾਂ ਮਰੇ ਲੋਕਾਂ ਦਾ ਸਨਮਾਨ,
ਧੋ ਸਕਦੇ ਹਨ ਉਨ੍ਹਾਂ ਦੀਆਂ ਯਾਦਾਂ ਨੂੰ
ਉਹਨਾਂ ਦੇ ਗਲ ਲੱਗਕੇ,
ਜਾ ਉਨ੍ਹਾਂ ਦੀ ਕਬਰ ਨੂੰ
ਅਪਣੇ ਅੱਥਰੂਆਂ ਅਤੇ ਨਹੁੰਆਂ ਨਾਲ ਖਰੋਚ ਕੇ।

ਕੈਦੀਆਂ ਵਾਸਤੇ ਨਹੀਂ
ਅਸੀਂ ਤਾਂ ਸਿਰਫ਼ ਇਸ ਉਮੀਦ ਤੇ ਵਜਾਉਂਦੇ ਹਾਂ ਸੀਟੀਆਂ
ਕਿ ਇਸਦੀ ਗੂੰਜ
ਖਾਮੋਸ਼ ਕਰ ਦੇਵੇਗੀ ਇਸ ਬੁਰੀ ਖ਼ਬਰ ਨੂੰ।

ਅਨੁਵਾਦ : ਸੁਰਿੰਦਰ ਰਾਮਪੁਰੀ

## ਪਾਠਕ ਲੇਖਕ ਫੋਰਮ

**1.** ਸਮਤਾ ਦੇ ਮਈ, 85 ਦੇ ਅੰਕ ਵਿਚ ਕਰਮ ਬਰਸਟ ਦੇ ਲੇਖ ਅਤੇ ਕਮਿਊਨਿਸਟ ਇਨਕਲਾਬੀਆਂ ਬਾਰੇ ਤਿੱਖਾ ਪ੍ਰਤੀਕਰਮ ਛਪਿਆ ਹੈ। ਸਮਤਾ ਦੇ ਸੰਪਾਦਕ ਨੇ ਤਾਂ ਇਨ੍ਹਾਂ ਦੇ ਜਵਾਬ ਦਿੱਤੇ ਹੀ ਹਨ ਪਰ ਅਸੀਂ ਵੀ ਇਨ੍ਹਾਂ ਸਵਾਲਾਂ ਦੇ ਜਵਾਬ ਦੇਣਾ ਆਪਣਾ ਫਰਜ਼ ਸਮਝਦੇ ਹਾਂ, ਕਿਉਂਕਿ ਇਕ ਤਾਂ ਕਰਮ ਬਰਸਟ, ਮਾਰਕਸੀ ਵਿਚਾਰ ਮੰਚ ਨਾਲ ਜੁੜਿਆ ਹੋਇਆ ਹੈ, ਦੂਜਾ ਇਹ ਸਵਾਲ ਸਮੁੱਚੀ ਇਨਕਲਾਬੀ ਲਹਿਰ ਨੂੰ ਸੰਬੋਧਿਤ ਹਨ, ਜਿਨ੍ਹਾਂ ਨੂੰ ਹੋਰ ਸਪਸ਼ਟ ਕਰਨਾ ਜ਼ਰੂਰੀ ਹੈ। ਸਵਾਲਾਂ ਦੇ ਜਵਾਬ ਦੇਣ ਤੋਂ ਪਹਿਲਾਂ, ਅਸੀਂ ਸਵਾਲ ਕਰਨ ਵਾਲੇ ਦੋਸਤਾਂ ਦਾ ਹਾਰਦਿਕ ਸਵਾਗਤ ਕਰਦੇ ਹਾਂ, ਕਿਉਂਕਿ ਇਹ ਪਹਿਲੀ ਵਾਰ ਹੈ, ਜਦੋਂ ਸਾਡੇ ਸਮਾਜ ਦੇ ਉਸ ਹਿੱਸੇ ਵੱਲੋਂ, ਸਮਤਾ 'ਚ ਛਪੀਆਂ ਲਿਖਤਾਂ ਦਾ ਨੋਟਿਸ ਲਿਆ ਗਿਆ ਹੈ ਜੋ ਪਹਿਲਾਂ ਕਿਸੇ ਵੀ ਵਿਚਾਰ ਚਰਚਾ ਵਿਚ ਪੈਣ ਤੋਂ ਟਾਲਾ ਵੱਟਦਾ ਜਾਂ ਇਨਕਾਰੀ ਸੀ। ਇਹਨਾਂ ਦੋਸਤਾਂ ਵੱਲੋਂ ਬਹੁਤ ਸਾਰੇ ਸਵਾਲ ਮਿਹਣੇਬਾਜ਼ੀ ਦੀ ਭਾਸ਼ਾ ਵਿਚ ਕੀਤੇ ਗਏ ਹਨ। ਪਰ ਅਸੀਂ ਇਸ ਤਰ੍ਹਾਂ ਦੇ ਤਰੀਕੇ ਤੋਂ ਗੁਰੇਜ਼ ਕਰਦੇ ਹੋਏ, ਕੁਝ ਖਾਸ ਸਵਾਲਾਂ ਦੇ ਜਵਾਬ ਹੀ ਦੇ ਰਹੇ ਹਾਂ।

ਸਭ ਤੋਂ ਪਹਿਲਾਂ ਦੋਸਤਾਂ ਵੱਲੋਂ 'ਚਿੰਤਾ' ਪ੍ਰਗਟ ਕੀਤੀ ਗਈ ਹੈ ਕਿ ਹੁਣ ਤੱਕ ਇਨਕਲਾਬ ਕਿਉਂ ਨਹੀਂ ਆਇਆ? ਦੋਸਤੋ, ਇਨਕਲਾਬ ਕਰਨਾ ਕੋਈ ਮਦਾਰੀ ਦੀ ਖੇਡ ਨਹੀਂ ਹੈ। ਅਸੀਂ ਸਮਝਦੇ ਹਾਂ ਕਿ ਇਨਕਲਾਬ ਕਰਨ ਲਈ ਸਹੀ ਰਾਜਨੀਤਕ ਲਾਈਨ, ਲੰਮੇ ਜਮਾਤੀ ਸੰਘਰਸ਼, ਵਿਸ਼ਾਲ ਜਨਤਕ ਉਭਾਰ, ਸਿਰੜ ਅਤੇ ਕੁਰ-ਬਾਨੀਆਂ ਦੀ ਲੋੜ ਹੈ ਜਿਸਦੇ ਲਈ ਸਮੁੱਚੇ ਭਾਰਤ ਵਿਚ ਇਨਕਲਾਬੀ ਕਾਰਕੁੰਨ ਯਤਨਸ਼ੀਲ ਹਨ। ਹਜ਼ਾਰਾਂ ਹੀ

ਨਕਸਲੀ ਆਗੂਆਂ ਅਤੇ ਵਰਕਰਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਇਕੱਲੇ ਪੰਜਾਬ ਵਿਚ ਹੀ ੬੦ ਦੇ ਕਰੀਬ ਕਮਿਊਨਿਸਟ ਇਨਕਲਾਬੀ ਸ਼ਹੀਦ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿਚ ਬਾਬਾ ਬੂਝਾ ਸਿੰਘ, ਬਾਬਾ ਹਰੀ ਸਿੰਘ ਮਰਗਿੰਦ, ਸਾਥੀ ਦਇਆ ਸਿੰਘ ਅਤੇ ਤਰਸੇਮ ਬਾਵਾ ਚੋਟੀ ਦੇ ਆਗੂ ਸ਼ਾਮਲ ਸਨ।

ਅਸੀਂ ਕਦੇ ਵੀ ਇਹ ਨਹੀਂ ਕਿਹਾ ਕਿ ਇਨਕਲਾਬ ਹਥਿਆਰਾਂ ਤੋਂ ਬਿਨਾਂ ਆ ਸਕਦਾ ਹੈ। ਪਰ ਸਿਰਫ਼ ਹਥਿਆਰ ਉਠਾ ਲੈਣ ਨਾਲ ਹੀ ਇਨਕਲਾਬ ਨਹੀਂ ਲਿਆਂਦਾ ਜਾ ਸਕਦਾ। 'ਇਨਕਲਾਬ ਨੂੰ ਬੰਦੂਕ ਦੀ ਨਾਲੀ 'ਚੋਂ ਕੱਢਣ ਲਈ' ਵਿਸ਼ਾਲ ਮਿਹਨਤਕਸ਼ ਲੋਕਾਈ ਦਾ ਰਾਜਨੀਤਕ ਤੌਰ ਤੇ ਚੇਤੰਨ ਅਤੇ ਜਥੇਬੰਦ ਹੋਣਾ ਇਕ ਲਾਜ਼ਮੀ ਸ਼ਰਤ ਹੈ। ਬੰਦੂਕ ਚਲਾਉਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਹੈ ਕਿ ਅਸਲ ਦੁਸ਼ਮਣ ਦੀ ਪਹਿਚਾਣ ਕੀਤੀ ਜਾਵੇ ਪਰ ਸੰਤ ਭਿੰਡਰਾਂਵਾਲੇ ਅਤੇ ਉਸਦੀ ਤਹਿਰੀਕ ਦਾ ਉਦੇਸ਼ ਅਤੇ ਉਸਦੀ ਪੂਰਤੀ ਵਾਸਤੇ ਚੱਕੇ ਗਏ ਹਥਿਆਰ ਜਿੱਥੇ ਇਕ ਪਾਸੇ ਵਿਸ਼ਾਲ ਮਿਹਨਤਕਸ਼ ਜਨ-ਸਮੂਹ ਦੇ ਅਸਲੀ ਦੁਸ਼ਮਣਾ ਵੱਲ ਸੇਧਤ ਨਾ ਹੋ ਕੇ ਹਿੰਦੂ-ਸਿੱਖ ਮਿਹਨਤਕਸ਼ ਜਨਤਾ ਵਿਚ ਗੰਭੀਰ ਹੱਦ ਤੱਕ ਪਾੜਾ ਵਧਾਉਣ ਵਿਚ ਸਹਾਈ ਹੋਏ, ਸਗੋਂ ਦੂਜੇ ਪਾਸੇ ਖ਼ੁਦ ਸਿੱਖ ਜਨਸਮੂਹ ਦੇ ਅੰਦਰ ਵੀ ਵਾਦਵਿਵਾਦ ਖੜਾ ਕਰਨ ਅਤੇ ਅੱਜ ਆਪਸੀ ਵਿਰੋਧ ਖੜੇ ਕਰਨ ਵਿਚ ਵੀ ਸਹਾਈ ਹੋਏ ਹਨ।

ਸਿੱਖ ਗੁਰੂਆਂ ਵੇਲੇ ਸਿੱਖ ਲਹਿਰ ਅਤੇ ਸਿੱਖ ਸਿਧਾਂਤਾਂ ਅਨੁਸਾਰ ਦੋਸਤ ਅਤੇ ਦੁਸ਼ਮਣ ਨੂੰ ਮਜ਼ਲੂਮ ਅਤੇ ਜ਼ਾਲਮ ਵਿਚ ਵੰਡਿਆ ਗਿਆ ਸੀ। ਸਿੱਖ ਲਹਿਰ 'ਚ ਹਮੇਸ਼ਾ ਹੀ ਮਜ਼ਲੂਮਾਂ ਦੀ ਰੱਖਿਆ ਕਰਨ ਦਾ ਉਦੇਸ਼ ਸਾਹਮਣੇ ਰਿਹਾ। ਨਿਹੱਥੇ ਅਤੇ ਬੇਕਸੂਰ ਲੋਕਾਂ ਉਪਰ ਵਾਰ ਕਰਨ ਨੂੰ ਹਮੇਸ਼ਾ ਹੀ ਨੀਚਤਾ ਅਤੇ ਬੁਜ਼ਦਿਲੀ ਮੰਨਿਆ ਜਾਂਦਾ ਸੀ। ਕੀ ਪਿਛਲੇ ਸਮੇਂ ਪੰਜਾਬ ਵਿਚ ਜੋ ਕੁਝ ਵਾਪਰਿਆ ਜਾਂ ਹਾਲੇ ਵੀ ਵਾਪਰ ਰਿਹਾ ਹੈ, ਇਹ ਉਹਨਾਂ ਰਵਾਇਤਾਂ ਨਾਲ ਮੇਲ ਖਾਂਦਾ ਹੈ ?

ਸਿੱਖ ਇਤਿਹਾਸ ਵਿਚ ਕਿਸੇ ਗੁਰੂ ਸਾਹਿਬ ਨੇ ਅਤੇ ਉਹਨਾਂ ਤੋਂ ਬਾਅਦ ਮੁਗ਼ਲ ਹਾਕਮਾਂ ਦੇ ਖਿਲਾਫ਼ ਜਦੋ-ਜਹਿਦ ਕਰਨ ਵਾਲੇ ਸਿੰਘਾਂ ਨੇ, ਕਿਸੇ ਖਾਸ ਧਰਮ ਜਾਂ ਫਿਰਕੇ ਦੇ ਲੋਕਾਂ ਨੂੰ ਆਪਣਾ ਦੁਸ਼ਮਣ ਨਹੀਂ ਐਲਾਨਿਆ। ਮੁਗ਼ਲ ਹਕੂਮਤ ਵੱਲੋਂ ਢਾਹੇ ਵਹਿਸ਼ੀ ਜਬਰ ਦੇ ਬਾਵਜੂਦ ਵੀ ਗੁਰੂ ਗੋਬਿੰਦ ਸਿੰਘ ਨੇ ਸਧਾਰਣ ਮੁਸਲਮਾਨ ਜਨਤਾ ਨੂੰ ਕਤਲ ਕਰਨ ਦਾ ਨਾਅਰਾ ਨਹੀਂ ਸੀ ਦਿੱਤਾ। ਇਥੋਂ ਤੱਕ ਕਿ ਇਨਸਾਫਪਸੰਦ ਮੁਸਲਮਾਨ ਜਨਤਾ ਨੇ ਗੁਰੂ ਸਾਹਿਬ ਦਾ ਸਾਥ ਦਿੱਤਾ। ਸਗੋਂ ਔਖੀਆਂ ਘੜੀਆਂ ਵਿਚੋ ਜਦੋਂ ਚਾਲੀ ਸਿੰਘ ਗੁਰੂ ਜੀ ਨਾਲੋਂ ਤੋੜ ਵਿਛੋੜਾ ਕਰ ਗਏ ਸਨ, ਤਾਂ ਉਸਤੋਂ ਬਾਅਦ, ਮੁਸਲਮਾਨ 'ਸਿੱਖ' ਨਬੀ ਖਾਨ ਅਤੇ ਗਨੀ ਖਾਨ ਹੀ ਸਨ, ਜਿਨ੍ਹਾਂ ਨੇ ਗੁਰੂ ਜੀ ਨੂੰ ਮੁਗ਼ਲ ਫ਼ੌਜ ਦੇ ਘੇਰੇ ਵਿਚੋਂ ਨਿਕਲਣ ਵਿਚ ਮਦਦ ਕੀਤੀ। ਪਰ ਪਿਛਲੇ ਸਮੇਂ ਦੌਰਾਨ ਸਿੱਖ ਫਿਰਕਾਂਪ੍ਰਸਤ ਆਗੂਆਂ ਦੀਆਂ ਗਲਤ ਨੀਤੀਆਂ, ਇਕ ਵੱਡਾ ਕਾਰਨ ਸਨ, ਜਿਸ ਕਰਕੇ ਹਿੰਦੂ ਜਨਤਾ ਨੇ ਅਕਾਲੀ ਮੋਰਚੇ ਦੀਆਂ ਜਾਇਜ਼ ਮੰਗਾਂ ਦੀਆਂ ਹਮਾਇਤ ਤਾਂ ਕੀ ਕਰਨੀ ਸੀ, ਸਗੋਂ ਵਿਰੋਧ ਵਿਚ ਜਾ ਖੜੀ ਹੋਈ। ਕੀ ਇਸ ਤੱਥ ਨੂੰ ਇਮਾਨਦਾਰੀ ਨਾਲ ਲੋਕਾਂ 'ਚ ਸਪਸ਼ਟ ਕਰੋਗੇ ?

ਪੰਜਾਬ ਦੇ ਸਮੁੱਚੇ ਮਿਹਨਤਕਸ਼ ਲੋਕਾਂ—ਸਿੱਖ, ਹਿੰਦੂ ਅਤੇ ਮੁਸਲਮਾਨਾਂ ਦੀ ਬੱਝਵੀਂ ਤਾਕਤ, ਜਿਹੜੀ ਭਾਰਤ ਦੇ ਲੋਟੂ ਪ੍ਰਬੰਧ ਨੂੰ ਤਹਿਸ਼ ਨਹਿਸ਼ ਕਰਨ ਵਿਚ ਲੱਗਣੀ ਸੀ, ਅੱਜ ਆਪਸੀ ਭਰਾ-ਮਾਰ ਕਾਰਵਾਈਆਂ ਵਿਚ ਉਲਝਾ ਦਿੱਤੀ ਗਈ ਹੈ। ਬੇਸ਼ੱਕ ਅਸੀਂ ਸਮਝਦੇ ਹਾਂ ਕਿ ਇਹਦੇ ਵਿਚ ਭਾਰਤੀ ਰਾਜ ਅਤੇ ਪਿਛਾਖੜੀ ਹੈਕਮ ਜਮਾਤਾਂ ਦੀ ਮੁੱਖ ਭੂਮਿਕਾ ਹੈ, ਜੋ ਲੰਮੇ ਸਮੇਂ ਤੋਂ ਘੱਟ ਗਿਣਤੀ ਧਰਮਾਂ, ਘੱਟ ਗਿਣਤੀ ਕੌਮੀਅਤਾਂ ਅਤੇ ਕਬੀ-ਲਿਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਉਹਨਾਂ ਨੂੰ ਡੰਡੇ ਨਾਲ ਦੁਬਾਉਂਦੀਆਂ ਆ ਰਹੀਆਂ ਹਨ। ਵੱਖ ਵੱਖ ਧਰਮਾਂ ਅਤੇ ਕੌਮੀਅਤਾਂ ਵਿਚਾਲੇ ਵਿਰੋਧਾਂ ਨੂੰ ਹਵਾ ਦੇ ਕੇ ਮਿਹਨਤੀ ਲੋਕਾਂ ਵਿਚ ਪਾੜਾ ਪੈਦਾ ਕਰਦੀਆਂ ਹਨ। ਪੰਜਾਬ ਵਿਚ ਜੋ ਕੁਝ ਵਾਪਰਿਆ, ਇਸੇ ਨੀਤੀ ਦਾ ਸਿੱਟਾ ਹੈ। ਪਰ ਇਸ ਕਾਰਵਾਈ ਵਿਚ ਸਿੱਖ ਧਾਰਮਕ ਜਨੂੰਨੀਆਂ ਨੂੰ ਬਰੀ ਨਹੀਂ ਕੀਤਾ ਜਾ ਸਕਦਾ, ਜਿਹਨਾਂ ਨੇ ਹਿੰਦੂ ਜਨਤਾ ਵਿਚ ਸਹਿਮ ਪੈਦਾ ਕਰਕੇ, ਉਹਨਾਂ ਨੂੰ ਪੰਜਾਬ ਵਿਚੋਂ ਕੱਢਣ ਦੀ ਚਾਲ ਖੇਡੀ ਅਤੇ "ਪੰਜਾਬ ਦੇ ਹਿੰਦੂ ਖਤਰੇ ਵਿਚ ਹਨ" ਅਤੇ "ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਹੈ" ਦੀ ਆੜ ਹੇਠ ਕੇਂਦਰ ਸਰਕਾਰ ਨੇ ਆਪਣੇ ਸੌੜੇ ਜਮਾਤੀ ਹਿੱਤਾਂ ਲਈ ਜੋ ਕੁਝ ਕੀਤਾ, ਲਈ ਸਹਾਈ ਸਾਬਤ ਹੋਏ।

ਅਸੀਂ ਹਮੇਸ਼ਾ ਹੀ ਹਿੰਦੂ ਕੱਟੜਪੰਥੀਆਂ ਅਤੇ ਫਿਰਕਾ-ਪ੍ਰਸਤਾਂ ਦਾ ਵਿਰੋਧ ਕੀਤਾ ਹੈ, ਜਿਨ੍ਹਾਂ ਨੇ ਪੰਜਾਬੀ ਬੋਲੀ ਨੂੰ ਆਪਣੀ ਮਾਂ ਬੋਲੀ ਮੰਨਣ ਤੋਂ ਇਨਕਾਰ ਕੀਤਾ, ਪੰਜਾਬੀ ਸੂਬੇ ਦਾ ਵਿਰੋਧ ਕੀਤਾ ਅਤੇ ਆਮ ਹਿੰਦੂ ਜਨਤਾ ਨੂੰ ਗੁੰਮਰਾਹ ਕੀਤਾ। ਪਰ ਮੁੱਠ ਭਰ ਹਿੰਦੂ ਫਿਰਕਾਂਪ੍ਰਸਤਾਂ ਦੀ ਕਾਰਵਾਈ ਦੇਖ ਕੇ ਸਮੁੱਚੀ ਹਿੰਦੂ ਜਨਤਾ ਨੂੰ ਆਪਣਾ ਦੁਸ਼ਮਣ ਮਿੱਥ ਲੈਣਾ ਸਿਰਫ਼ ਬੇਇਨਸਾਫੀ ਨਹੀਂ ਤਾਂ ਹੋਰ ਕੀ ਹੈ ?

ਜਿਥੋਂ ਤੱਕ ਨਕਸਲੀ ਸ਼ਹੀਦਾਂ ਦੇ ਕਾਤਲਾਂ ਤੋਂ ਬਦਲਾ ਲੈਣ ਦਾ ਸਵਾਲ ਹੈ ਅਸੀਂ ਵਿਅਕਤੀਗਤ ਬਦਲੇ

ਦੀ ਬਜਾਏ ਜਮਾਤ ਤੋਂ ਬਦਲਾ ਲੈਣ ਦੀ ਨੀਤੀ ਨੂੰ ਠੀਕ ਸਮਝਦੇ ਹਾਂ ਅਤੇ ਆਪਣੇ ਸਾਥੀਆਂ ਅਤੇ ਲੋਕਾਂ ਉਤੇ ਢਾਏ ਜਾ ਰਹੇ ਜਬਰ ਦਾ ਬਦਲਾ ਲੁਟੇਰੇ ਰਾਜ ਪ੍ਰਬੰਧ ਨੂੰ ਖ਼ਤਮ ਕਰਕੇ ਹੀ ਲਿਆ ਜਾ ਸਕਦਾ ਹੈ। ਹਾਂ, ਇਨਕਲਾਬੀ ਲਹਿਰ ਦੌਰਾਨ, ਇਸਦੇ ਰਾਹ ਦਾ ਰੋੜਾ ਬਣਨ ਵਾਲੇ ਵਿਅਕਤੀ ਹੂੰਝੇ ਜਾਂਦੇ ਰਹੇ ਹਨ ਅਤੇ ਹੂੰਝੇ ਜਾਣਗੇ।

ਅੱਜ ਜੇ ਕੋਈ ਇਹ ਦਾਅਵਾ ਕਰਦਾ ਹੈ, ਕਿ ਸਿਖਾਂ ਨੇ ਫੌਜੀ ਕਾਰਵਾਈ ਦਾ, ਇੰਦਰਾ ਗਾਂਧੀ ਕੋਲੋਂ ਬਦਲਾ ਲੈ ਲਿਆ ਹੈ, ਕੀ ਉਹ ਭੱਦਰਪੁਰਸ਼ ਇਹ ਸੋਚਣ ਦੀ ਕੋਸ਼ਸ਼ ਕਰੇਗਾ ਕਿ ਸਿੱਖਾਂ ਨੂੰ ਇਹਦੀ ਕੀ ਕੀਮਤ ਦੇਣੀਂ ਪਈ ਹੈ ? ਨਾਲ ਹੀ ਇੰਦਰਾ ਤੋਂ ਬਾਅਦ ਉਸਦਾ ਪੁੱਤਰ ਰਾਜਗੱਦੀ ਤੇ ਆ ਗਿਆ ਹੈ। ਕੀ ਇਸ ਨਾਲ ਪਿਛਾਖੜੀ ਭਾਰਤੀ ਰਾਜ ਨੂੰ ਕੋਈ ਆਂਚ ਆਈ ਹੈ ? ਨਹੀ, ਸਗੋਂ ਇੰਦਰਾ ਕਾਂਗਰਸ ਦੀ ਸਰਕਾਰ ਵਕਤੀ ਤੌਰ ਤੇ ਮਜ਼ਬੂਤ ਹੋ ਕੇ ਨਿਕਲੀ ਹੈ ਜੋ ਪਹਿਲਾਂ ਨਾਲੋਂ ਵੀ ਜ਼ਿਆਦਾ ਜਾਬਰ ਸਾਬਤ ਹੋਈ ਹੈ ਅਤੇ ਹੋਵੇਗੀ।

'ਸਿੱਖਾਂ ਨੇ ਪੰਜਾਬ ਨੂੰ ਹੋਂਦ ਵਿਚ ਲਿਆਂਦਾ' ਵਾਲੀ 'ਖੋਜ' ਤੁਹਾਨੂੰ ਮੁਬਾਰਕ ਹੋ। ਪਰ ਅਸੀਂ ਕਦੇ ਵੀ ਸਿੱਖ ਜਨਤਾ ਦੀਆਂ ਕੁਰਬਾਨੀਆਂ ਨੂੰ ਅਣਡਿੱਠ ਨਹੀਂ ਕੀਤਾ। ਸਿੱਖਾਂ ਦੀ ਪੰਜਾਬ ਪ੍ਰਤੀ ਮਹਾਨ ਦੇਣ ਹੈ। ਪਰ ਭਾਰਤ ਦੀ ਅਜ਼ਾਦੀ ਲਹਿਰ ਦੇ ਸਾਰੇ ਸ਼ਹੀਦਾਂ—ਗਦਰੀ ਦੇਸ਼ ਭਗਤਾਂ, ਪਗੜੀ ਸੰਭਾਲ ਜੱਟਾ ਲਹਿਰ, ਕਿਰਤੀ ਲਹਿਰ,ਕਮਿਊਨਿ-ਸਟ ਲਹਿਰ ਅਤੇ ਭਗਤ ਸਿੰਘ ਤੇ ਉਸਦੇ ਸਾਥੀਆਂ ਦੀਆਂ ਕੁਰਬਾਨੀਆਂ ਨੂੰ ਕੇਸਰੀ ਪੱਗਾਂ ਅਧੀਨ ਹੋਈਆਂ ਦੱਸਣਾ ਠੀਕ ਨਹੀਂ। ਸਗੋਂ ਇਹਨਾਂ ਲਹਿਰਾਂ 'ਚ ਸ਼ਾਮਲ ਸਿੱਖ ਤਾਂ ਆਪਣੇ ਆਪ ਨੂੰ ਸਿੱਖ ਹੋਣ ਤੋਂ ਪਹਿਲਾਂ ਇਕ ਦੇਸ਼ ਭਗਤ ਅਤੇ ਇਨਕਲਾਬੀ ਮੰਨਦੇ ਸਨ। ਅਸੀਂ ਤੁਹਾਨੂੰ ਪੰਜਾਬ ਦਾ ਇਤਿਹਾਸ ਦੁਬਾਰਾ ਪੜ੍ਹਨ ਦੀ ਸਲਾਹ ਦਿੰਦੇ ਹਾਂ।

ਇਕੱਲਾ ਸਿੱਖ ਸਵਾ ਲੱਖ ਨਾਲ ਲੜਦਾ ਰਿਹਾ ਹੈ ਅਸੀਂ ਇਸ ਗੱਲ 'ਚ ਨਹੀਂ ਜਾਣਾ ਚਾਹੁੰਦੇ ਕਿ ਇਹ ਕਿੰਨਾਂ ਕੁ ਠੀਕ ਹੈ ਜਾਂ ਗਲਤ। ਪਰ ਇਸ ਸਬੰਧੀ ਸਾਡੀ ਆਮ ਧਾਰਣਾਂ ਹੈ ਕਿ ਕਿਸੇ ਹੱਕੀ ਕਾਜ ਪ੍ਰਤੀ ਲੜਨ ਵਾਲੇ ਲੋਕ, ਥੋੜੇ ਹੁੰਦੇ ਹੋਏ ਵੀ ਭਾੜੇ ਦੀ ਫੌਜ ਨਾਲ ਭਾਵੇਂ ਉਹ ਕਿੰਨੀ ਵੀ ਜ਼ਿਆਦਾ ਹੋਵੇ ਟੱਕਰ ਲੈ ਸਕਦੇ ਹਨ ਅਤੇ ਉਹ ਟੱਕਰ ਲੈਂਦੇ ਰਹੇ ਹਨ। ਇਹ ਸਿਰਫ਼ ਸਿੱਖ ਹੀ ਨਹੀਂ, ਹਰ ਧਰਮ, ਕੌਮ ਅਤੇ ਨਸਲ ਦੇ ਲੋਕ ਲੜ ਸਕਦੇ ਹਨ। ਦੁਨੀਆਂ ਭਰ ਦਾ ਇਤਿਹਾਸ ਇਹੋ ਜਿਹੀਆਂ ਸੈਂਕੜੇ ਮਿਸਾਲਾਂ ਨਾਲ ਭਰਿਆ ਪਿਆ ਹੈ। ਨਿੱਕੀ ਜਿਹੀ ਵੀਅਤਨਾਮੀ ਕੌਮ ਨੇ ਅਮਰੀਕਨ ਸਾਮਰਾਜ ਦੀ ਉਹ ਗਿਦੜਕੁੱਟ ਕੀਤੀ ਸੀ, ਕਿ ਉਹਨੂੰ ਭੱਜਦੇ ਰਾਹ ਨਹੀਂ ਸੀ ਲੱਭਿਆ। ਅਸੀਂ ਸਮਝਦੇ ਹਾਂ ਕਿ ਕਿਸੇ ਵਿਅਕਤੀ ਨੂੰ ਧਰਮ, ਜਾਤ ਜਾਂ ਨਸਲ ਵੀ ਭਾਵੇਂ ਬਹਾਦਰੀ ਜਜ਼ਬਾ ਵਿਰਸੇ ਚੋਂ ਦਿੰਦੇ ਹਨ—ਪਰ ਉਸ ਵਿਅਕਤੀ ਉੱਪਰ ਹੋਣ ਵਾਲਾ ਜਬਰ, ਜਬਰ ਦਾ ਅਹਿਸਾਸ ਜਬਰ ਵਿਰੁੱਧ ਲੜਨ ਦੀ ਚੇਤਨਾਂ ਅਤੇ 'ਜਥੇਬੰਦੀ ਹੀ ਉਸਨੂੰ ਬਹਾਦਰ ਬਣਾਉਣ ਲਈ ਜ਼ਰੂਰੀ ਅਤੇ ਨਿਰਣਾਇਕ ਭੂਮਿਕਾ ਨਿਭਾਉਂਦੇ ਹਨ।

ਹਰੇਕ ਧਰਮ, ਨਸਲ ਅਤੇ ਜਾਤ ਵਿਚ ਬਹਾਦਰ, ਮਿਹਨਤੀ ਅਤੇ ਇਨਸਾਫਪਸੰਦ ਲੋਕਾਂ ਦੇ ਨਾਲ ਹੀ ਮੁੱਠੀ ਭਰ ਲੋਟੂ ਅਤੇ ਗ਼ਦਾਰ ਵੀ ਹੁੰਦੇ ਹਨ। ਇਸ ਲਈ ਧਰਮ ਕਿਸੇ ਵਿਅਕਤੀ ਦੀ ਸੁੱਚਤਾ ਅਤੇ ਉੱਚਤਾ ਦੀ ਕਸੌਟੀ ਨਹੀਂ। ਸਿੱਖ ਧਰਮ ਵਿਚ ਵੀ ਮੌਕੇ ਮੌਕੇ ਤੇ ਗ਼ਦਾਰ ਪੈਦਾ ਹੁੰਦੇ ਰਹੇ ਹਨ। ਕੀ ਸਿੱਖ ਰਾਜੇ ਅਤੇ ਜਗੀਰਦਾਰ ਅੰਗਰੇਜ ਰਾਜ ਨਾਲ ਮਿਲਕੇ ਆਮ ਜਨਤਾ ਅਤੇ ਸਿੱਖਾਂ ਉਪਰ ਜਬਰ ਨਹੀਂ ਢਾਹੁੰਦੇ ਰਹੇ ? ਕੀ ਤਾਜ਼ਾ ਫੌਜੀ ਕਾਰਵਾਈ ਸਿੱਖ ਰਾਸ਼ਟਰਪਤੀ ਅਤੇ ਉਸਦੇ ਸਿੱਖ ਫੌਜੀ ਜਰਨੈਲਾਂ ਦੀ ਅਗਵਾਈ ਹੇਠ ਨਹੀਂ ਹੋਈ ? ਕੀ ਇਕ ਸਿੱਖ ਮੰਤਰੀ ਅਤੇ ਸਿੱਖ ਸੰਤਾ ਸਿੰਘ ਨੇ ਅਕਾਲ ਤਖਤ ਦੀ ਕਾਰ ਸੇਵਾ ਕਰਵਾਕੇ ਸਿੱਖ ਜਨਤਾ ਦੇ ਜ਼ਖਮਾਂ ਤੇ ਲੂਣ ਨਹੀਂ ਭੁਕਿਆ ? ਇਸਦੇ ਉਲਟ ਉਹ ਪੰਜਾਬ ਦੇ ਕਮਿਊਨਿਸਟ ਇਨਕਲਾਬੀ ਹੀ ਹਨ, ਜਿਨ੍ਹਾਂ ਨੇ ਦਰਬਾਰ ਸਾਹਿਬ ਤੇ ਹੋਈ ਫੌਜੀ ਕਾਰਵਾਈ ਦਾ ਵਿਰੋਧ ਕੀਤਾ। ਇਸਦੇ ਦੇ ਨਾਲ ਹੀ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਟਰੀਜ਼ (PUCL) ਅਤੇ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ( ) ਆਦਿ ਜਥੇਬੰਦੀਆਂ ਜਿਹਨਾਂ ਵਿਚ ਬਹੁਤੇ ਜਮਹੂਰੀਅਤ ਪਸੰਦ ਲੋਕ ਸ਼ਾਮਲ ਹਨ—ਜੋ ਜ਼ਿਆਦਾ ਹਿੰਦੂ ਹੀ ਹਨ—, ਨੇ 'ਦੋਸ਼ੀ ਕੌਣ ਹਨ' ਨਾਂ ਦਾ ਕਿਤਾ-ਬਚਾ ਛਾਪ ਕੇ ਸਭ ਤੋਂ ਪਹਿਲਾਂ ਸਰਕਾਰੀ ਜਬਰ ਨੂੰ ਨੰਗਾ ਕੀਤਾ ਹੈ। ਰਾਮ ਜੇਠਮਲਾਨੀ, ਆਈ. ਕੇ. ਗੁਜਰਾਲ, ਪਤਰਕਾਰ ਕੁਲਦੀਪ ਨਈਅਰ, ਗੋਬਿੰਦ ਮਖੋਟੀ ਅਤੇ ਰਜਨੀ ਕੋਠਾਰੀ—ਜੋ ਸਿਖ ਨਹੀਂ ਹਨ, ਨੇ ਜੋ ਸ਼ਲਾਘਾ-ਯੋਗ ਕੰਮ ਕੀਤਾ ਹੈ, ਤੋਂ ਕਿਵੇਂ ਇਨਕਾਰ ਕੀਤਾ ਜਾ ਸਕਦਾ ਹੈ।

ਇਸਦੇ ਉਲਟ ਪੰਜਾਬ ਦੇ ਕਾਂਗਰਸੀ ਸਿੱਖ ਆਗੂ ਅਜੇ ਵੀ ਆਪਣੀ ਚੌਧਰ ਪਿੱਛੇ ਜੋ ਕੁਝ ਕਰ ਰਹੇ ਹਨ, ਨੂੰ ਸਮਝਣ ਦੀ ਲੋੜ ਹੈ।

ਅੰਤ ਵਿਚ ਅਸੀਂ ਅਪੀਲ ਕਰਦੇ ਹਾਂ ਕਿ ਮੌਜੂਦਾ ਵਿਗਿਆਨਕ ਯੁੱਗ ਵਿਚ ਹਰ ਗੱਲ ਨੂੰ ਫਿਰਕੂ ਜਨੂੰਨ ਦੀ ਵਲਗਣ ਵਿਚੋਂ ਬਾਹਰ ਨਿਕਲਕੇ ਸਮਝਣ ਦੀ ਲੋੜ ਹੈ। ਲੋਕਾਂ ਵਿਚ ਧਰਮ ਦੇ ਅਧਾਰ ਤੇ ਵੰਡੀਆਂ ਪਾਉਣ ਦੀ ਥਾਂ ਲੋਟੂਆਂ ਅਤੇ ਲੁੱਟੇ ਜਾਣ ਵਾਲਿਆਂ, ਜਾਬਰਾਂ ਅਤੇ

ਜਮਹੂਰੀ ਤੇ ਇਨਸਾਫ਼ ਪਸੰਦ ਲੋਕਾਂ ਵਿਚਕਾਰ ਵੰਡ ਕਰਨ ਦੀ ਲੋੜ ਹੈ।

ਵਲੋਂ—ਮਾਰਕਸੀ ਵਿਚਾਰ ਮੰਚ ਪੰਟਿਆਲਾ।

**2.** ਸਤਿਕਾਰਯੋਗ ਸ. ਗੁਰਸ਼ਰਨ ਸਿੰਘ ਜੀਓ। ਗੁਰਫਤੇਹ॥ ਸਭ ਤੋਂ ਪਹਿਲੋਂ ਮੈਂ ਤੁਹਾਡੀ ਹਿੰਮਤ ਤੇ ਖੁਲਦਿਲ੍ਹੀ ਦੀ ਦਾਦ ਦਿੰਦਾ ਹਾਂ ਕਿ ਤੁਸੀਂ ਸੰਤ ਭਿੰਡਰਾਂ ਵਾਲਿਆਂ ਦੇ ਅੰਧ ਵਿਸ਼ਵਾਸੀ ਚੇਲਿਆਂ ਦੀ ਚਿੱਠੀ ਮਈ ਦੇ ਸਮਤਾ ਅੰਕ ਵਿਚ ਪ੍ਰਕਾਸ਼ਤ ਕਰ ਦਿੱਤੀ। ਤੁਸੀਂ ਉਤਰ ਵਿਚ ਸਿਰਫ ਆਪਣਾ ਬਚਾਉ ਕੀਤਾ ਹੈ। ਅਸਲੀਅਤ ਨਹੀਂ ਲਿਖੀ। ਸਿਰਫ ਆਉਣ ਸਮੇਂ ਦੀ ਤਾਰੀਖ ਤੇ ਗੱਲ ਛੱਡ ਦਿੱਤੀ ਹੈ ਕਿ ਅਸਲੀ ਦੋਸ਼ੀ ਕੌਣ ਸੀ ? ਮੈਂ ਦੱਸਦਾ ਹਾਂ।

ਆਜ਼ਾਦੀ ਦੇ ਬਾਅਦ ਦਾ ਇਤਿਹਾਸ ਗਵਾਹ ਹੈ ਕਿ ਇਨਾਂ ਅਨਪੜ੍ਹ ਲੋਕਾਂ ਦੀ ਜੁੰਡੀ ਬਣੇ ਅਕਾਲੀਆਂ ਨੇ ਜਿੰਨੀ ਵਾਰੀ ਵੀ ਮੋਰਚੇ ਲਾਏ, ਬੁਰੀ ਤਰ੍ਹਾਂ ਫਿਹਲ ਹੁੰਦੇ ਗਏ। ਪੰਜਾਬ ਦੇ ਤਿੰਨ ਟੁਕੜੇ ਕਰਵਾ ਕੇ, ਦਰਬਾਰ ਸਾਹਿਬ ਤੇ ਦੀਪਮਾਲਾ ਕੀਤੀ। ਜਦਕਿ ਕੁਲ ਹਿੰਦੁਸਤਾਨ ਜਾਣਦਾ ਸੀ ਕਿ ਹਿੰਦੂ ਕੁਟਿਲ ਨੀਤੀ ਦੀ ਜਿੱਤ ਹੋਈ ਹੈ।

ਪੰਜਾਬ ਦਾ ਅਸਲੀ ਮਸਲਾ 'ਪੰਜਾਬੀ ਬੋਲੀ' ਸੀ ਜੋ ਇਨ੍ਹਾਂ ਤੋਂ ਹੱਲ ਨਹੀਂ ਹੋਇਆ। ਸਗੋਂ ਵਿਗੜਦਾ ਗਿਆ ਤੇ ਅਜ ਵੀ ਉਵੇਂ ਦਾ ਉਵੇਂ ਹੈ! ਇਨ੍ਹਾਂ ਦੇਸੀ ਘਿਉ ਤੇ ਕੜਾਹ ਖਾਣਿਆਂ ਨੂੰ ਬੋਲੀ ਨਾਲ ਕੋਈ ਸਰੋਕਾਰ ਨਹੀਂ ਸੀ। ਇਹ ਧਰਮ ਦੇ ਪਿੱਛੇ ਲੱਗ ਗਏ। ਕਿਉਂਕਿ ਧਰਮ ਦੇ ਨਾਮ ਥਲੇ ਹੀ ਲੋਕਾਂ ਨੂੰ ਵਧ ਤੋਂ ਵਧ ਬੇਵਕੂਫ ਬਣਾਇਆ ਜਾ ਸਕਦਾ ਹੈ।

ਇਹ ਕਹਿੰਦੇ ਨੇ ਸਮਾਜਵਾਦੀ ਪਾਰਟੀਆਂ ਫੰਡ ਖਾ ਗਈਆਂ, ਮੈਂ ਦਾਹਵੇ ਨਾਲ ਸਬੂਤ ਵਜੋਂ ਆਖਦਾ ਹਾਂ ਕਿ ਜਿੰਨਾ ਪੈਸਾ ਸਾਡੇ ਪੰਥ ਦੇ ਆਗੂਆਂ ਨੇ ਧਰਮ ਦੇ ਨਾਮ ਤੇ ਖਾਧਾ ਹੈ ਓਨ੍ਹਾ ਸ਼ਾਇਦ ਨਾ ਕਿਸੇ ਹੋਰ ਧਰਮ ਦੇ ਪੈਰੋਕਾਰਾਂ ਨੇ ਦਿਤਾ ਹੈ ਖਾਧਾ ਹੈ। ਪੰਜਾਬ ਵਿਚੋਂ ਤਾਂ ਕੀ ਇਨਾਂ ਦੇ ਡੈਲੀਗੇਸ਼ਨ ਭਾਰਤ ਦੇ ਹਰ ਛੋਟੇ ਵੱਡੇ ਸ਼ਹਿਰਾਂ ਵਿਚ ਜਾਂਦੇ ਰਹੇ ਤੇ ਲੱਖਾਂ ਰੁਪਏ ਪੰਜਾਬ ਦੇ ਗੁਰਦਵਾਰਿਆਂ ਦੀ ਉਸਾਰੀ ਲਈ ਐਂਠਦੇ ਰਹੇ। ਅਸਾਂ ਪੰਜਾਬ ਤੋਂ ਬਾਹਰ ਬੈਠਿਆਂ ਨੇ ਆਪਣੇ ਸ਼ਹਿਰ ਦੇ ਗੁਰਦੁਆਰਿਆਂ ਦੀ ਵੀ ਸੇਵਾ ਕੀਤੀ ਤੇ ਸਿੱਖ ਕੌਮ ਦਾ ਨਾਮ ਬੁਲੰਦ ਕਰਦੇ ਰਹੇ।

ਕੀ ਅਸੀਂ ਉਸ ਪੈਸੇ ਦਾ ਹਿਸਾਬ ਪੁੱਛ ਸਕਦੇ ਹਾਂ ਜੋ ਅਸੀਂ ਆਪਣੇ ਖੂਨ ਪਸੀਨੇ ਦੀ ਕਮਾਈ ਨਾਲ ਇਨ੍ਹਾਂ ਦੀ ਝੋਲੀ ਪਾਇਆ ?

ਸੰਤ ਭਿੰਡਰਾਂਵਾਲਾ ਕੋਈ ਅਕਲਮੰਦ ਇਨਸਾਨ ਨਹੀਂ ਸੀ। ਪਰ ਫਿਰ ਵੀ ਸੱਚਾ ਤੇ ਸੁੱਚਾ ਵਿਅਕਤੀ ਸੀ, ਜੋ ਟੋਹੜੇ ਵਰਗੇ ਜ਼ਲੀਲ ਇਨਸਾਨਾਂ ਦੀ ਚਾਲ ਪਹਿਚਾਨਦਾ ਸੀ। ਉਸ ਨੇ ਜੋ ਅਵਾਜ਼ ਉਠਾਈ ਉਹ ਸਿੱਖ ਕੌਮ ਦੀ ਆਪਣੀ ਸਚਾਈ ਵਾਸਤੇ ਸੀ। ਸ਼ੁਧ ਗੁਰਸਿਖ ਬਨਣ ਲਈ ਸੀ, ਰਹਿਤਾਂ ਵਿਚ ਰਹਿਣ ਲਈ ਸੀ, ਆਪਣੀ ਪਵਿਤ੍ਰਤਾ ਕਾਇਮ ਰੱਖਣ ਲਈ ਸੀ ਤਾਂ ਕਿ ਤਦੇ ਹੀ ਜ਼ੁਲਮ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਪਰ ਇਨਾਂ ਧੋਖੇਬਾਜ਼ ਲੀਡਰਾਂ ਨੇ ਉਸ ਨਾਲ ਵਿਸ਼ਵਾਸਘਾਤ ਕੀਤਾ। ਸਭ ਤੋਂ ਵੱਡੀ ਗਲਤੀ ਜੋ ਸੰਤ ਭਿੰਡਰਾਂਵਾਲਿਆਂ ਕੀਤੀ ਉਹ ਸੀ 1980 ਦੀ ਅਲੈਕਸ਼ਨ 'ਚ ਕਾਂਗਰਸ ਦਾ ਪਿੱਠੂ ਬਣਨਾ। ਸ਼ਾਇਦ ਇਹ ਸੋਚਕੇ ਕਿ ਗੌਰਮਿੰਟ ਦੀ ਤਾਕਤ ਨਾਲ ਸਿੱਖ ਕੌਮ ਦੀ ਰਾਜ ਗੱਦੀ ਪ੍ਰਾਪਤ ਹੋ ਸਕਦੀ ਹੈ, ਪ੍ਰੰਤੂ ਇੰਦਰਾ ਦਾ ਤਿਆਰ ਕੀਤਾ ਆਪਣਾ ਫਰੈਂਕੇਨਸਟਾਈਨ ਉਸਨੂੰ ਹੀ ਖਾ ਗਿਆ। ਨਤੀਜਾ ਸਿੱਖ ਕੌਮ ਦਾ ਸਰਵਨਾਸ਼।

ਹੁਣ ਸਿਖ ਕੌਮ ਜਾਗ ਪਈ ਹੈ। ਸਿੱਖ ਸਟੂਡੈਂਟ ਫੈਡਰੇਸ਼ਨ ਜਾਂ ਦੋਵੇਂ ਤਿੰਨੋਂ ਅਕਾਲੀ ਦਲ ਕੇਵਲ ਜੱਟ ਤਬਕੇ ਦੀ ਤਰਜਮਾਨੀ ਕਰਦੇ ਨੇ। ਬੰਦੂਕਾਂ ਤੇ ਪਸਤੌਲ ਦਿੱਖਾ ਆਪਣੀ ਹੀ ਕੌਮ ਅਗੇ ਮੁਸੀਬਤਾਂ ਖੜੀਆਂ ਕਰ ਰਹੇ ਹਨ। ਇਹ ਸਿਖ ਸਮਾਜ ਵਿਚ ਮੁੜ ਮਨੂੰਵਾਦ ਲਿਆਉਣ ਲਈ ਤੁਲੇ ਹੋਏ ਨੇ। ਇਹ ਸਮਝਦੇ ਨੇ ਕਿ ਪੰਜਾਬ ਤੋਂ ਬਾਹਰ ਭਾਰਤ ਵਿਚ ਸਿਖ ਭਾਪੇ, ਤਰਖਾਣ ਲੋਹਾਰ ਤੇ ਮਜ਼ਹਬੀ ਹੀ ਵਸੇ ਹੋਏ ਹਨ। ਤਦੇ ਤਾਂ ਦਰਬਾਰ ਸਾਹਬ ਤੇ ਹੋਏ ਹਮਲੇ ਤੋਂ ਕੁਝ ਮਹੀਨੇ ਪਹਿਲਾਂ ਟੋਹੜੇ ਨੇ ਕਿਹਾ ਸੀ ਕਿ ਪੰਜਾਬ ਤੋਂ ਬਾਹਰਲਾ ਤੀਹ ਲੱਖ ਭਾਪਾ ਸਿਖ ਮਰ ਵੀ ਗਿਆ ਤਾ ਕੋਈ ਗੱਲ ਨਹੀਂ। ਕੀ ਉਸਨੂੰ ਨਹੀਂ ਸੀ ਪਤਾ ਉਥੇ ਜੱਟ ਪੁੱਤ ਵੀ ਚੰਗੀਆਂ ਚੰਗੀਆਂ ਨੌਕਰੀਆਂ, ਵਪਾਰ ਤੇ ਟਰੱਕ ਕੰਪਨੀਆਂ ਦੇ ਮਾਲਕ ਬਣੀ ਬੈਠੇ ਹਨ ਤੇ ਸੰਤ ਭਿੰਡਰਾਂਵਾਲਾ ਵੀ ਜਾਣਦਾ ਸੀ, ਅਜ ਦੀ ਅਖੌਤੀ AISSF ਨੂੰ ਵੀ ਗਿਆਨ ਹੈ ਪਰ ਹੱਠ ਧਰਮੀ ਫੜੀ ਹੈ ਕਿਉਂਕਿ ਪੰਜਾਬ ਦੇ ਜੱਟ ਦੀਆਂ ਕਣਕਾਂ ਅਗੇ ਨਾਲੋਂ ਵੀ ਵੱਧ, ਜੀਰੀਆਂ ਦਾ ਰਿਕਾਰਡ। ਪਿੰਡਾਂ ਵਿਚ ਨਾ ਕਰਫਿਊ ਦਾ ਡਰ ਨਾ ਕੋਈ ਹੋਰ ਔਕੜ। ਚੱਲਣ ਦਿਉ ਮੋਰਚੇ ਨੂੰ, ਮਰਦਾ ਹੈ ਮਰਨ ਦਿਉ। ਬੇਸ਼ਰਮ ਦੇ ਚਿਤੜਾਂ ਤੇ ਅੱਕ ਜੰਮਿਆ, ਕਹਿੰਦਾ ਛਾਵੇਂ ਬੈਠਾਂਗੇ।

ਦੋ ਨਵੰਬਰ 1984 ਦੇ ਸ਼ਾਮ ਦੇ 8–30 ਵਜੇ ਦੀ ਇਕ ਗੁਰਸਿਖ (ਜੱਟ) ਦੇ ਘਰ ਦੇ ਅਗੇ ਦੀ ਝਾਕੀ ਪੇਸ਼ ਕਰਕੇ ਬੰਦ ਕਰਦਾ ਹਾਂ :—(ਜੋ ਸਾਡੇ ਸ਼ਹਿਰ ਰਾਉਰਕੇਲੇ ਵਾਪਰੀ)

ਬਹੁਤ ਵੱਡੀ ਭੀੜ ਜੋ ਪੱਥਰਾਂ ਤੇ ਸੋਟੀਆਂ ਨਾਲ ਲੈਸ ਹੈ— 'ਨਿਕਲ ਬਾਹਰ ਉਏ ਸਰਦਾਰਾ, ਗੱਦਾਰਾ। ਅਸੀਂ ਤੇਰੀ ਬੋਟੀ ਬੋਟੀ ਨੋਚਣੀ ਹੈ'—'ਇਕ ਇਕ

ਕਰਕੇ ਆਓ ਜੋ ਹਿੰਮਤ ਹੈ, ਨਿਹਥਿਆਂ ਤੇ ਵਾਰ ਕਰਨਾ ਜ਼ੁਲਮ ਹੈ'—'ਉਏ ਉਦੋਂ ਜ਼ੁਲਮ ਨਹੀਂ ਸੀ, ਜਦੋਂ ਤੂੰ ਨਿਹਥਿਆਂ ਨੂੰ ਬੱਸਾਂ 'ਚੋਂ ਕੱਢ ਕੇ ਗੋਲੀਆਂ ਮਾਰਦਾ ਸੈਂ', ਸਾਡੇ ਕੋਲ ਤਾਂ ਪੱਥਰ ਹੀ ਹਨ'—'ਕੀ ਸਬੂਤ ਹੈ ਤੁਹਾਡੇ ਕੋਲ ਕਿ ਅਸਾਂ ਮਾਰੇ'—'ਤੇ ਅਸੀਂ ਜਦੋਂ ਤੈਨੂੰ ਮਾਰਾਂਗੇ, ਕਿਸੇ ਕੋਲ ਵੀ ਕੋਈ ਸਬੂਤ ਨਹੀਂ ਹੋਵੇਗਾ'। ਫਿਰ ਪੱਥਰਾਂ ਅੱਗ, ਖ਼ੂਨ, ਲੁਟਮਾਰ ਤੇ ਘਰ ਥੇਹ।

ਅੰਤ ਵਿਚ ਬੜੀ ਨਿਮਰਤਾ ਤੇ ਹਲੀਮੀ ਨਾਲ ਦੋਵੇਂ ਹੱਥ ਜੋੜ ਕੇ ਮੈਂ ਆਪਣੇ ਹੀ ਜੱਟ ਭਰਾਵਾਂ ਤੇ ਨੌਜਵਾਨਾਂ ਅੱਗੇ ਬੇਨਤੀ ਕਰਦਾ ਹਾਂ ਕਿ ਇਹ ਮੋਰਚਾ ਹੁਣ ਛੱਡ ਦਿਓ। ਅਸੀਂ ਉਠਾਂਗੇ ਇਕ ਵਾਰ ਫਿਰ, ਪਰ ਸਭ ਮਿਲਕੇ ਇਕ ਅਵਾਜ਼ ਹੋ ਕੇ ਕਿਸੇ ਬਹੁਤ ਹੀ ਬਹਾਦਰ ਤੇ ਸਿਆਸਤਦਾਨ ਦੀ ਕਮਾਨ ਵਿਚ। ਕਿਉਂਕਿ ਇਹ ਸ਼ਾਸਕ ਕਾਲ ਬੰਦੂਕਾਂ ਤਲਵਾਰਾਂ ਨਾਲ ਨਹੀਂ ਜਿਤਿਆ ਜਾ ਸਕਦਾ। ਮੇਰੇ ਵਿਚ ਵੀ ਇਕ ਜੱਟ ਖ਼ੂਨ ਖੋਲਦਾ ਹੈ ਪਰ ਜੋਸ਼ ਤੇ ਬੁੱਧੀ ਵਿਚਕਾਰ ਟਾਕਰਾ ਨਹੀਂ। ਆਓ ਆਪਣੀ ਕੌਮ ਨੂੰ ਬਚਾਓ। ਤੁਹਾਡਾ ਦੂਰ ਬੈਠਾ ਭਰਾ

—ਹਰਿੰਦਰ ਸਿੰਘ

**3.** *ਭਾਗ ਸਿੰਘ ਗਿੱਲ, ਗੁਰਵਿੰਦਰ ਸਿੰਘ ਗਿੱਲ ਅਤੇ* ਸੁਖਵਿੰਦਰ ਸਿੰਘ ਗਿੱਲ ਵਿਦਿਆਰਥੀਆਂ ਵਲੋਂ ਗੁਰਸ਼ਰਨ ਸਿੰਘ ਨੂੰ ਸੰਬੋਧਤ ਹੋਕੇ ਲਿਖੀ ਚਿੱਠੀ ਪੜ੍ਹੀ ਹੈ। ਪ੍ਰਤੀ-ਕਰਮ ਵਜੋਂ ਹੇਠਲੇ ਪ੍ਰਸ਼ਨ ਮਨ ਵਿਚ ਉੱਭਰੇ ਹਨ।

ਜੇ ਅਕਾਲੀਆਂ ਮੋਰਚਾ ਲਾਇਆ, ਤਾਂ ਵੀ ਕੁਰਸੀ ਪਿੱਛੇ ਹੈ ਤੇ ਜੇ ਕਾਮਰੇਡ ਕੁੱਝ ਵੀ ਕਰਦੇ ਹਨ ਤਾਂ ਵੀ ਕੁਰਸੀ ਪਿੱਛੇ। ਪਰੰਤੂ ਕੁਰਸੀ ਤੇ ਕੁਰਸੀ ਵਿਚ ਅੰਤਰ ਹੈ। ਅਕਾਲੀਆਂ ਦੇ ਯੁੱਧ ਦਾ ਮਨੋਰਥ ਜ਼ਿਆਦਾ ਤਰ ਪੰਜਾਬ ਸਟੇਟ ਤੇ ਇਕ ਫਿਰਕੇ ਤੇ ਖ਼ਾਸ ਕਰਕੇ ਜਗੀਰ-ਦਾਰੀ ਦੀ ਚੌਧਰ ਕਾਇਮ ਕਰਨਾ ਹੈ ਜਿਸ ਵਿੱਚੋਂ ਆਮ ਕਿਸਾਨੀ ਨੂੰ ਸਿਵਾਏ ਫੋਕੀ ਹਉਮੈਂ ਤੋਂ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਜਗੀਰਦਾਰੀ ਕੁਰਸੀ ਤੇ ਕਾਬਜ਼ ਹੋ ਕੇ ਛੋਟੀ ਕਿਸਾਨੀ ਤੇ ਗਰੀਬ ਤਬਕੇ ਦੀ ਲੁੱਟ ਕਰਨ ਵਿਚ ਸਰਮਾਏਦਾਰ ਜਮਾਤ ਦੀ ਭਿਆਲ ਬਣਦੀ ਹੈ। ਭਾਵ ਇਸ ਦੇਸ਼ ਤੇ ਕਾਬਜ਼ ਹਿੰਦੂ ਸਰਮਾਏਦਾਰੀ ਨਾਲ ਭਿਆਲੀ ਪਾਉਂਦੀ ਹੈ। ਪਿਛਲੀਆਂ ਅਕਾਲੀ ਸਰਕਾਰਾਂ ਇਸਦਾ ਸਬੂਤ ਹਨ। ਇਹ ਆਪਣੀ ਹਕੂਮਤ ਦੌਰਾਨ ਕਦੇ ਵੀ ਆਮ ਜੰਤਾ ਦਾ ਭਲਾ ਨਹੀਂ ਕਰ ਸਕੀਆਂ। ਬੇਸ਼ੱਕ ਕਾਂਗਰਸ ਸਰਕਾਰ ਨਾਲੋਂ ਕੁੱਝ ਬੇਹਤਰ ਰੋਲ ਇਹ ਇਕ ਫਿਰਕੇ ਲਈ ਕਰ ਸਕੀਆਂ। ਦੂਜੇ ਪਾਸੇ ਕਾਮਰੇਡਾਂ ਦਾ ਕੁਰਸੀ ਦਾ ਮਸਲਾ ਹੈ। ਏਸ ਤਰਫੋਂ ਕੁਰਸੀ ਦਾ ਮੰਤਵ ਹੈ ਕਿ ਰਾਜਨੀਤਕ ਤਾਕਤ ਹਥਿਆ ਕੇ ਸਰਬੱਤ ਦੇ ਭਲੇ ਵਾਲੀ ਸਰਕਾਰ ਕਾਇਮ ਕਰਨਾ ਜੋ ਸਮੁੱਚੀ ਮਨੁੱਖ ਜਾਤੀ ਨੂੰ ਇਕੋ ਜਿਹੇ ਸਾਧਨ ਅਤੇ ਇਕੋ ਜਿਹਾ ਮਾਣ ਸਤਿਕਾਰ ਦੇਣ ਦੇ ਉਪਰਾਲੇ ਕਰ ਸਕੇ। ਜਿਥੇ ਜਗੀਰਦਾਰੀ ਦੀ ਤੇ ਸਰਮਾਏਦਾਰੀ ਦੀ ਲੁੱਟ ਨਾ ਹੋਵੇ। ਸਗੋਂ ਜਨ ਸਧਾਰਨ ਵੀ ਸਵੈਮਾਣ ਭਰਿਆ ਤੇ ਚੰਗਾ ਆਰਥਿਕ ਜੀਵਨ ਬਤੀਤ ਕਰ ਸਕੇ।

ਰਹੀ ਗੱਲ ਇਨਕਲਾਬ ਦਾ ਹਥਿਆਰਾਂ ਨਾਲ ਲਿਆ ਸਕਣਾ। ਸਾਥੀਓ, ਕੀ ਏਥੇ ਹਥਿਆਰਾਂ ਦੇ ਭੰਡਾਰਾਂ ਬਾਵਜੂਦ ਇਨਕਲਾਬ ਆ ਗਿਆ। ਕੀ ਤੁਸੀਂ ਹਜ਼ਾਰਾਂ ਮਸੂਮਾਂ ਦੇ ਨਿਰਦਈ ਕਤਲਾਂ ਨੂੰ ਰੋਕ ਸਕੇ। ਕੀ ਧਾਰਮਕ ਸੰਸਥਾਵਾਂ ਦੀ ਤਬਾਹੀ ਤੋਂ ਬਚਿਆ ਜਾ ਸਕਿਆ? ਕਹਿਣ ਨਾਲ ਤਾਂ ਇਨਕਲਾਬ ਬੰਦੂਕ ਦੀ ਨਾਲੀ 'ਚੋਂ ਨਹੀਂ ਨਿਕਲ ਆਉਂਦਾ। ਗੁਰੂ ਰਵੀਦਾਸ, ਗੁਰੂ ਕਬੀਰ, ਗੁਰੂ ਨਾਮਦੇਵ, ਬਾਬਾ ਫਰੀਦ, ਗੁਰੂ ਨਾਨਕ ਤੋਂ ਗੁਰੂ ਤੇਗ ਬਹਾਦਰ ਤੀਕ, ਸਿੱਖ ਇਨਕਲਾਬ ਤਲਵਾਰ ਦੇ ਜ਼ੋਰ ਤੇ ਲਿਆਉਣ ਲਈ ਵੀ ਕਈ ਸੌ ਸਾਲ ਵਿਚਾਰਧਾਰਕ ਸੇਧ ਲੋਕਾਂ ਨੂੰ ਦੇਣੀ ਪਈ ਸੀ। ਤਾਂ ਕਿਤੇ ਜਾ ਕੇ ਸਿੱਖ, ਇਨਕਲਾਬੀ ਸਿੰਘ ਬਣਿਆ ਸੀ ਤੇ ਮੁਗਲ ਸਾਮਰਾਜ ਨੂੰ ਢੇਰੀ ਕਰ ਸਕਿਆ ਸੀ। ਪਰ ਏਥੇ ਤਾਂ ਸਭ ਕੁੱਝ ਗੁਰਬਾਣੀ ਦੇ ਸਿਧਾਂਤਾਂ ਦੇ ਖਿਲਾਫ਼ ਵਾਪਰ ਰਿਹੈ। ਗਹਿਰਾਈ ਨਾਲ ਸਮਝੋ।

ਰਹੀ ਗੱਲ ਹੋਏ ਕੱਤਲਾਂ ਦੇ ਬਦਲੇ ਦੀ। ਸੈਂਕੜੇ ਸਿੱਖ ਨੌਜਵਾਨ ਛਬੀਲੇ ਮੁੰਡੇ, ਅਕਾਲੀ ਸਰਕਾਰ ਦੀ ਪੁਲੀਸ ਨੇ ਹੀ ਮਾਰੇ ਸਨ। ਉਹੀ ਅਕਾਲੀ ਅੱਜ ਇਨ-ਕਲਾਬੀ ਪਹੁੰਚ ਵਾਲੇ ਹੋ ਗਏ, ਗੱਲ ਜੱਚਦੀ ਨਹੀਂ। ਜਿਹੜੇ ਅਕਾਲੀਆਂ ਨੇ ਜੱਟ ਸਿੱਖਾਂ ਦੇ ਮੁੰਡੇ ਦਰਖਤਾਂ ਨਾਲ ਬੰਨ੍ਹ ਬੰਨ੍ਹ ਮੁਕਾਬਲੇ ਬਣਾ ਬਣਾ ਮਾਰੇ ਸਨ ਅੱਜ ਉਹ ਪੁਲਸ ਦੇ ਉਹਨਾਂ ਹੀ ਝੂਠੇ ਮੁਕਾਬਲਿਆਂ ਤੇ ਕਿੰਤੂ ਕਰ ਰਹੇ ਹਨ। ਸਾਥੀਓ, ਗੱਲ ਬੁਨਿਆਦੀ ਸੋਚ ਨੂੰ ਸਮਝਣ ਦੀ ਹੈ। ਬਘਿਆੜ ਸਮੇਂ ਦੇ ਰੁੱਖ ਅਨੁਸਾਰ ਬਦਲਕੇ ਮਸੂਮ ਨਹੀਂ ਹੋ ਜਾਂਦਾ। ਜੇ ਗੱਲ ਲੋਕਾਂ ਦੇ ਹਿਤਾਂ ਦੀ ਕਰੀਏ ਤਾਂ ਅਕਾਲੀ ਦੀਆਂ, ਸਟੇਟਾਂ ਨੂੰ ਵੱਧ ਅਧਿਕਾਰ, ਪਾਣੀ ਤੇ ਬਿਜਲੀ ਦੀ ਸਹੀ ਵੰਡ ਭਾਸ਼ਾਈ ਇਲਾਕਿਆਂ ਦੀ ਪੁਰ ਅਮਨ ਵੰਡ, ਨਾਲ ਸਹਿਮਤ ਹੋਇਆ ਜਾਣਾ ਵਾਜਬ ਹੈ ਚਲੋ, ਧਾਰਮਕ ਪੱਖੋਂ, ਅੰਮ੍ਰਿਤਸਰ ਦਾ ਦਰਜਾ ਮੰਗਣ ਦੀ ਗੱਲ, ਦੂਜਿਆਂ ਹਿੰਦੂ ਧਾਰਮਕ ਸੰਸਥਾਵਾਂ ਦੇ ਮੁਕਾਬਲੇ ਜਾਇਜ਼ ਨਹੀਂ ਜਾ ਸਕਦੀ ਹੈ, ਪਰ ਇਸ ਗੱਲ ਮਗਰ ਫਿਰਕਾਪ੍ਰਸਤੀ ਦਾ ਜ਼ਹਿਰ ਫੈਲ ਰਿਹਾ ਹੈ। ਬੇਸ਼ੱਕ ਇਹ ਹਿੰਦੂ ਸਰਮਾਏਦਾਰੀ ਦੀ ਦੇਣ ਹੈ।

ਰਹੀ ਗੱਲ ਆਪਣੀ ਸੋਚ ਦੇ ਬੰਦਿਆਂ ਦੇ ਕਤਲਾਂ ਦਾ ਬਦਲਾ। ਲੈਣ ਦੀ। ਜੇ ਤੁਸੀਂ ਇਹ ਬਦਲੇ ਤੁਰੰਤ ਲਤੇ ਤਾਂ ਇਸਦਾ ਤੋੜਾ ਏਥੇ ਜਾ ਕੇ ਝੜਿਆ ਕਿ ਹਜ਼ਾਰਾਂ

ਮਾਸੂਮ ਔਰਤਾਂ, ਲੜਕੀਆਂ, ਬੱਚੇ ਬੱਚੀਆਂ, ਮਰਦਾਂ, ਬਜ਼ੁਰਗਾਂ ਨੂੰ ਜਿਉਂਦਿਆਂ ਹੋਲਾਂ ਹੋਣਾ ਪਿਆ। 38 ਗੁਰ-ਦੁਆਰਿਆਂ ਤੇ ਕਾਬਜ਼ ਜਮਾਤ ਨੇ ਫ਼ੌਜ ਚਾੜ੍ਹੀ, ਤਬਾਹੀ ਮਚਾਈ। ਜਨ ਸਧਾਰਨ ਤੇ ਬੇਤਹਾਸ਼ਾ ਅਣਮਨੁੱਖੀ ਜ਼ੁਲਮ ਢਾਹਿਆ। ਇਕ ਗਲਤ ਥਾਂ ਤੋਂ ਉਪਜੀ ਸੋਚ ਨੇ ਲੱਖਾਂ ਲੋਕਾਂ ਦੀ ਜੂਨ ਖਤਰੇ ਵਿਚ ਪਾ ਦਿੱਤੀ ਹੈ। ਦੂਜੇ ਪਾਸੇ ਸੰਤ ਭਿੰਡਰਾਂ ਵਾਲਾ ਲਹਿਰ ਦਾ ਪਿਛੋਕੜ ਵੇਖੀਏ ਤਾਂ ਥਾਂ ਥਾਂ ਕਾਂਗਰਸ ਦਾ ਦਿਮਾਗ ਝਲਕ ਰਿਹਾ ਦਿਖਾਈ ਦੇ ਰਿਹੈ। ਤੱਥ ਗਵਾਹੀ ਭਰਦੇ ਹਨ। ਜਿਸ ਸਰਕਾਰ ਨੇ ਹਥਿਆਰ ਅੰਦਰ ਜਾਣ ਦਿੱਤੇ, ਉਸੇ ਨੇ ਹਥਿਆਰਬੰਦ ਹਮਲਾ ਕਰਵਾਇਆ।

ਤੁਹਾਡੇ ਸਾਥੀਆਂ ਨੇ ਪੁਲਸ ਤੋਂ ਹੱਥ ਚੁਕਵਾ ਲਏ। ਜੇ ਵੇਖੀਏ ਤਾਂ ਪੁਲੀਸ ਦੀ ਬਹੁਗਿਣਤੀ ਸਿੱਖਾਂ ਦੀ ਹੀ ਹੈ। ਕੁਝ ਹਮਾਇਤ ਕਰਦੇ ਰਹੇ ਤੇ ਕੁੱਝ ਵਿਰੋਧ। ਅੰਤ ਇਹ ਹੋਇਆ ਕਿ ਸਿੱਖ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਦੇ ਰਹੇ। ਗੁਰਦੁਆਰਿਆਂ ਦੀ ਤਬਾਹੀ, ਕੇ. ਐਸ. ਬਰਾੜ ਤੇ ਰਣਜੀਤ ਸਿੰਘ ਦਿਆਲ ਨੇ ਮੂਹਰੇ ਹੋ ਕੇ ਕਰਵਾਈ। ਅੱਜ ਵੀ ਸਿੱਖ ਪੁਲੀਸ ਹੈ ਜੋ ਸਿੱਖ ਅਤਿਵਾਦੀਆਂ ਦੇ ਮਗਰ ਪਈ ਹੋਈ ਹੈ। ਗੱਲ ਸਾਫ਼ਟ ਹੈ ਕਿ ਇਕ ਬੇਤੁਕੀ ਵਿਚ ਭਰਾ ਭਰਾ ਦਾ ਗਲ ਕੱਟ ਰਹੇ ਹਨ ਤੇ ਲੋਕ ਦੁਸ਼ਮਣ ਸਰਕਾਰ ਤਮਾਸ਼ਾ ਬਣਾ ਰਹੀ ਹੈ, ਵੇਖ ਰਹੀ ਹੈ। ਲਹੂ ਨਾਲ ਨਹਾ ਰਹੀ ਹੈ। ਇਹ ਇਨਸਾਨੀ ਰਸਤੇ ਨਹੀਂ ਹਨ।

ਸਿੱਖਾਂ ਨੇ ਸੱਚਮੁੱਚ ਭਾਰਤ ਲਈ 80% ਕੁਰਬਾਨੀਆਂ ਕਰੀਆਂ ਹਨ। ਕੁਰਬਾਨੀ ਦੇ ਪਰਵਾਨੇ ਤਾਂ ਮਰ ਗਏ, ਸ਼ਹੀਦ ਹੋ ਗਏ, ਪਰ ਸਿਖਾਂ ਦੀ ਵਾਗਡੋਰ ਉਨ੍ਹਾਂ ਜਗੀਰ-ਦਾਰਾਂ ਤੇ ਰਜਵਾੜਿਆਂ ਦੇ ਹੱਥ ਆ ਗਈ ਜਿਨ੍ਹਾਂ ਅੰਗਰੇਜ਼ਾਂ ਨਾਲ ਰਲਕੇ ਆਪਣੇ ਲੋਕਾਂ ਨਾਲ ਗੱਦਾਰੀਆਂ ਕੀਤੀਆਂ। ਕਦੀ ਸੋਚਿਐ ਇਹ ਜਗੀਰਾਂ ਕਿਥੋਂ ਬਣੀਆਂ? ਇਹਨਾਂ ਵਿਚੋਂ ਹੀ ਸੈਂਕੜੇ ਸਿੱਖ ਕਾਂਗਰਸ ਨਾਲ ਰਲਕੇ ਵਿਰੋਧੀ ਵਿਚਾਰ ਵਾਲੇ ਸਿੱਖਾਂ ਤੇ ਜ਼ੁਲਮ ਕਰਵਾ ਰਹੇ ਹਨ। ਦਰਬਾਰਾ ਸਿੰਘ ਬਾਰੇ ਕੀ ਕਹੋਗੇ?

ਸੰਤ ਭਿੰਡਰਾ ਵਾਲਾ ਕਿਵੇਂ ਇਕ ਦਮ ਅਕਾਸ਼ ਤੇ ਪਹੁੰਚਿਆ ਇਹ ਸੂਝ ਮੰਗਦਾ ਪ੍ਰਸ਼ਨ ਹੈ। ਪਿਛੋਕੜ ਵਿਚ ਪਏ ਤੱਥਾਂ ਨੂੰ ਗਹੁ ਨਾਲ ਵੇਖੋ, ਕਾਂਗਰਸ ਦਾ ਕਿੰਨਾ ਰੋਲ ਹੈ ਇਸ ਵਿਅੱਕਤੀ ਨੂੰ ਅਕਾਲੀ ਲੀਡਰਸ਼ਿਪ ਦੇ ਵਿਰੁੱਧ ਉਭਾਰਨ ਦਾ। ਅਸਲੀ ਸਿੱਖ ਤਾਂ ਸੱਚਤੇ ਟੇਕ ਰਖਦਾ ਹੈ ਤੇ ਸਚ ਦੇ ਅਧਾਰ ਤੇ ਹੀ ਨਿਰਨਾ ਲੈਂਦਾ ਹੈ।

ਤੁਸੀਂ ਲਿਖਿਐ ਕਿ 250 ਸਿੰਘਾਂ ਨੇ ਲੱਖ ਸੈਨਾ ਦਾ ਟਾਕਰਾ ਕਰਕੇ ਗੁਰੂ ਦੇ ਵਾਕ ਨੂੰ ਪੂਰਾ ਕੀਤਾ ਹੈ। ਪਰ ਸਾਥੀਓ, ਕੀ ਲੱਖਾਂ ਨਾਲ ਟਾਕਰਾ ਕਰਨ ਵਾਲੇ ਭਾਈ ਸੰਗਤ ਸਿੰਘ, ਭਾਈ ਬਚਿੱਤਰ ਸਿੰਘ ਵਰਗੇ ਸਿੰਘਾਂ ਵਾਂਗ ਤੁਸੀਂ ਵੀ ਸਰਮਾਏਦਾਰੀ ਢਾਂਚਾ ਲਈ ਜਿਵੇਂ ਉਹਨਾਂ ਮੁਗਲ ਰਾਜ ਨੂੰ ਤਬਾਹ ਕੀਤਾ ਸੀ। ਕਦੀ ਸੋਚਿਐ ਕਿ ਲੱਖ ਮਿਲਟਰੀ ਵਿਚ ਕਿੰਨੇ ਗਰੀਬ ਘਰਾਂ ਦੇ ਬੱਚੇ ਹੋਣਗੇ ਜੋ ਮਰ ਗਏ ਜਾਂ ਮਾਰ ਗਏ। ਕੀ ਕਦੀ ਸੋਚਿਐ ਕਿ ਉਹਨਾਂ ਹਜ਼ਾਰਾਂ ਸਿੱਖਾਂ ਦਾ ਕੀ ਬਣੂ ਜੋ ਬੈਰਕਾਂ ਛੱਡਕੇ ਅੰਮ੍ਰਿਤਸਰ ਵੱਲ ਤੁਰ ਪਏ ਸਨ। ਇੰਦਰਾ ਵਰਗੇ ਇਕ ਵਿਅੱਕਤੀ ਦਾ ਕਤਲ ਹਜ਼ਾਰਾਂ ਜਾਨਾਂ ਦੀ ਤਬਾਹੀ ਦਾ ਮੁੱਲ ਨਹੀਂ ਤਾਰ ਸਕਦਾ। ਨਾਲੇ ਉਹ ਸਮਾਂ ਸੀ ਜਦੋਂ ਫੌਜਾਂ ਪਿਛਾਂਹ ਮੁੜ ਜਾਂਦੀਆਂ ਸਨ। ਪਰ ਹੁਣ ਆਧੁਨਿਕ ਹਥਿਆਰਾਂ ਨਾਲ ਲੈਸ ਫੌਜਾਂ ਦਾ ਮੁਕਾਬਲਾ ਮੁੱਠੀ ਭਰ ਬੰਦੇ ਨਹੀਂ ਕਰ ਸਕਦੇ। ਜੇ ਕੀਤਾ ਹੈ ਤਾਂ ਸਾਥੀ, ਤਬਾਹੀ ਦੇ ਕਾਂਡ ਲਗਾਤਾਰ ਜਾਰੀ ਹਨ। ਅੱਖਾਂ ਖੋਲ੍ਹ ਕੇ ਵੇਖੋ, ਜ਼ੁਲਮ ਦੀ ਕਿਹੜੀ ਹੱਦ ਹੈ।

ਹਿੰਦੂਆਂ ਦੇ ਲੀਡਰਾਂ ਵਲੋਂ ਸਿਖਾਂ ਬਾਰੇ ਗਲਤ ਬਿਆਨ ਦਾਗਣੇ ਤੇ ਸਿੱਖਾਂ ਵਲੋਂ ਹਿੰਦੂਆਂ ਬਾਰੇ ਗਲਤ ਕਹਿਣਾ ਦੋਵੇਂ ਗੱਲਾਂ ਮੁਲਕ ਨੂੰ ਤਬਾਹੀ ਵੱਲ ਲੈ ਜਾਣ-ਗੀਆਂ। ਹਿੰਦੂ ਫ਼ਿਰਕਾਪ੍ਰਸਤੀ ਦਾ ਇਹ ਕੋਝਾ ਰੂਪ ਹੈ ਕਿ ਉਹ ਜੋ ਆਪ ਕਰਦੀ ਹੈ ਦੂਜੇ ਤੋਂ ਬਰਦਾਸ਼ਤ ਨਹੀਂ ਕਰਦੀ ਤੇ ਕਾਬਜ਼ ਜਮਾਤ ਹੋਣ ਕਾਰਨ ਜ਼ੁਲਮ ਢਾਹੁੰਦੀ ਹੈ। ਪਰ ਅਸੀਂ ਇਸ ਤੋਂ ਬਚ ਬਚਕੇ ਅੱਗੇ ਵਧਣਾ ਹੈ, ਤਾਂ ਜੋ ਸਾਡੀ ਸਰਬਪੱਖੀ ਲੁੱਟ ਬੰਦ ਹੋ ਸਕੇ।

ਇਕ ਗੱਲ ਜ਼ਰੂਰ ਕਹਿਣੀ ਬਣਦੀ ਹੈ ਕਿ ਜਦੋਂ ਵਿਚਾਰਧਾਰਾ ਦਾ ਰਿੜਕਣਾ ਪੈ ਗਿਆ ਹੋਵੇ ਤਾਂ ਕਿਸੇ ਨੂੰ ਵੀ ਗਾਲ੍ਹਾਂ ਵਰਗੇ ਸ਼ਬਦਾਂ ਨਾਲ ਦਲੀਲਬਾਜ਼ੀ ਨਹੀਂ ਕਰਨੀ ਚਾਹੀਦੀ।

ਹੁਣ ਸੁਆਲ ਇਹ ਵੀ ਹੈ ਕਿ ਸਿੱਖ ਇਤਿਹਾਸ ਵਿਚ ਅਛੂਤ ਸਿੱਖਾਂ ਦੀਆਂ ਕੁਰਬਾਨੀਆਂ ਨਾਲ ਵਰਕੇ ਭਰੇ ਪਏ ਹਨ। ਪਰ ਕੀ ਜੱਟ ਸਿੱਖਾਂ ਨੇ, ਅਕਾਲੀ ਪਾਰਟੀ ਨੇ, ਜਾਂ ਸਿੰਘ ਸਾਹਿਬਾਨਾਂ ਨੇ ਇਤਿਹਾਸ ਘਾੜਿਆਂ ਅਛੂਤਾਂ ਨੂੰ ਆਪਣੇ ਸਮਾਜ ਵਿਚ ਬਰਾਬਰ ਦਾ ਦਰਜਾ ਦਿੱਤਾ ਹੈ? ਜੋ ਦੂਜਿਆਂ ਦੀ ਆਜ਼ਾਦੀ ਦੇ ਹੱਕ ਮਾਰਦਾ ਹੈ, ਉਸ ਨੂੰ ਆਪਣੀ ਅਜ਼ਾਦੀ ਲਈ ਲੜਨ ਦਾ ਅਧਿਕਾਰ ਕੀ ਠੀਕ ਹੈ?

ਸਿੱਖ ਸਮਾਜ ਵਿਚ ਵੀ ਆਦਮੀ ਦੀ ਕੀਮਤ ਉਸਦੀ ਜ਼ਾਤ ਨਾਲ ਬੱਝੀ ਹੋਈ ਹੈ। ਕੀ ਕਦੀ ਅਜੋਕੇ ਗੁਰੂ ਦੇ ਸਿੰਘ ਨੇ ਗੁਰਬਾਣੀ ਦੇ ਮੂਲ ਸਿਧਾਂਤਾਂ ਨੂੰ ਸਮਝਿਐ? ਤੇ ਉਸਤੇ ਅਮਲ ਕੀਤੈ?

ਰਹੀ ਗੱਲ ਗੁਰਸ਼ਰਨ ਸਿੰਘ ਦੀ ਸ਼ਖਸੀਅਤ ਦੀ। ਅੱਜ ਇਹ ਵਿਅਕਤੀ ਹੱਕ ਸੱਚ ਦੀ ਅਵਾਜ਼ ਬੁਲੰਦ ਕਰਨ ਵਾਲਾ ਸਿਰਕੱਢ ਇਮਾਨਦਾਰ ਵਿਅਕਤੀ ਹੈ। ਜੋ ਬੇਦਾਗ

ਹੋ ਕੇ ਖੰਡੇ ਦੀ ਧਾਰ ਤੇ ਤੁਰ ਰਿਹੈ। ਅਸੀਂ ਅਜਿਹੇ ਵਿਅਕਤੀਆਂ ਤੇ ਮਾਣ ਕਰ ਸਕਦੇ ਹਾਂ। ਸੰਤ ਭਿੰਡਰਾਂ ਵਾਲਾ ਦੀ ਆਪਣੀ ਵੱਖਰੀ ਪਛਾਣ ਸੀ। ਉਸਦਾ ਸਮਾਜਕ ਖੇਤਰ ਵੱਖਰਾ ਸੀ। ਪਰ ਗੁਰਸ਼ਰਨ ਦਾ ਆਪਣਾ ਖੇਤਰ ਹੈ, ਆਪਣੀ ਪਛਾਣ ਹੈ ਜੋ ਹਮੇਸ਼ਾ ਚਮਕਦੀ ਰਹੀ ਹੈ, ਚਮਕਦੀ ਰਹੇਗੀ। ਗੁਰਸ਼ਰਨ ਇਕ ਪੰਧ ਦਿਖਾਊ ਅਡੋਲ ਤਾਰਾ ਹੈ।

ਸੋ ਸਾਥੀਓ, ਭਾਵੁਕ ਹੋ ਕੇ ਨਹੀਂ, ਪੂਰੀ ਤਰ੍ਹਾਂ ਸੰਜੀਦਾ ਹੋ ਕੇ ਮਸਲਿਆਂ ਦੀ ਤਹਿ ਤੀਕ ਪਹੁੰਚੋ ਤੇ ਠੀਕ ਨਿਰਣੇ ਲੈ ਸਕਣ ਦੀ ਕਾਬਲੀਅਤ ਪੈਦਾ ਕਰੋ। ਸਿੱਖ ਲਹਿਰ ਆਪਣੇ ਸਮੇਂ ਦੀ ਮਹਾਨ ਇਨਕਲਾਬੀ ਲਹਿਰ ਸੀ, ਜੋ ਇਨਕ਼ਲਾਬੀ ਸਿੰਘਾਂ ਦੀਆਂ ਦਰੁਸਤ ਕੁਰਬਾਨੀਆਂ ਦੇ ਸਿਰ ਤੇ ਉੱਸਰੀ। ਅਗਰ ਅੱਗੇ ਵੀ ਸਿੱਖ ਜਗਤ ਸਹੀ ਅਰਥਾਂ ਵਿਚ ਗੁਰੂ ਸਿਧਾਂਤਾਂ ਤੇ ਦਰੁਸਤ ਅਮਲ ਕਰਦਿਆਂ ਅਗੇ ਵਧਦਾ ਹੈ ਤਾਂ ਇਹ ਬਹੁਤ ਅੱਛੀ ਗੱਲ ਹੋਵੇਗੀ। ਪਰੰਤੂ ਇਹ ਸੱਚ ਹੈ, ਕਿ ਅੱਜ ਸਿੱਖੀ ਦਾ ਖਾਸਾ ਜਗੀਰੂ ਤੇ ਜਾਤਪਾਤੀ ਹੋ ਗਿਆ ਹੈ। ਜੇ ਸੱਚਮੁੱਚ ਹੀ ਭਮੱਕੜ ਬਣਕੇ ਦਿਖਾਉਣਾ ਹੈ ਤਾਂ ਇਹ ਖਾਸਾ ਬਦਲੋ ਜਿੱਤ ਤੁਹਾਡੀ ਹੋਵੇਗੀ। ਗੁਰਨਾਮ ਸਿੰਘ

## 4. ਇਕ ਚਿੱਠੀ ਇੰਗਲੈਂਡ ਤੋਂ

ਗੁਰਸ਼ਰਨ ਭਾ ਜੀ,

ਮਈ 1985 ਦਾ ਪਰਚਾ 'ਸਮਤਾ' ਮਿਲਿਆ। ਉਸ ਵਿਚ ਲੋਕਾਂ ਤਾਈਂ ਮੱਖੀਆਂ ਅਤੇ ਆਪਣੇ ਆਪ ਨੂੰ ਭਮੱਕੜ ਸਮਝਣ ਵਾਲਿਆਂ ਤਿੰਨ ਭੱਦਰ ਪੁਰਸ਼ਾਂ, ਭਾਗ ਸਿੰਘ ਗਿੱਲ, ਗੁਰਵਿੰਦਰ ਗਿੱਲ ਅਤੇ ਸੁਖਵਿੰਦਰ ਸਿੰਘ ਗਿੱਲ ਵੱਲੋਂ ਲਿਖੀ ਚਿੱਠੀ ਅਤੇ ਆਪ ਵੱਲੋਂ ਸਿਆਣਪ ਅਤੇ ਹੌਸਲੇ ਭਰਿਆ ਉਤਰ ਪੜ੍ਹਿਆ।

ਬਹੁਤ ਸ਼ਰਮ ਦੀ ਗੱਲ ਹੈ ਕਿ ਮਹਾਨ ਬਾਬੇ ਨਾਨਕ ਅਤੇ ਗੋਬਿੰਦ ਸਿੰਘ ਜੀ ਦੇ ਨਕਸ਼ੇ ਕਦਮ ਉਤੇ ਚੱਲਣ ਦੇ ਦਮਗਜੇ ਮਾਰਨ ਵਾਲਿਆਂ ਨੇ ਉਨ੍ਹਾਂ ਦੀ ਕੁਰਬਾਨੀ, ਸਿਖਿਆ ਅਤੇ ਮਹਾਨਤਾ ਦੀ ਮਿੱਟੀ ਕਿਵੇਂ ਪਲੀਤ ਕੀਤੀ ਹੈ! ਦਰਅਸਲ ਸਿੱਖੀ ਦੀ ਮਹਾਨਤਾ ਨੂੰ ਸੌੜਾ ਕਰਨ ਵਾਲੇ, ਤੁਅੱਸਬੀ ਅਤੇ ਤੰਗ ਨਜ਼ਰ, ਕੱਟੜਪੰਥੀ ਨਾ ਸਿਰਫ ਸਿੱਖੀ ਅਤੇ ਆਪਣੇ ਆਪ ਦੇ ਵੈਰੀ ਹਨ ਸਗੋਂ ਉਹ ਸਮੂਹ ਲੋਕਤਾ ਦੇ ਦੋਖੀ ਹਨ। ਇਸ ਚਿੱਠੀ ਵਿਚੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਚਿੱਠੀ ਲਿਖਣ ਵਾਲਿਆਂ ਦੀ ਸੂਝ ਅਤੇ ਸੋਚ ਦੀ ਪੱਧਰ ਕੀ ਹੈ। ਨਿੱਕੀ ਜਹੀ ਗੱਲ ਮੱਖੀ ਅਤੇ ਭਮੱਕੜ ਦੀ ਹੀ ਲੈ ਲਵੋ। ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਕਿ ਜਦੋਂ ਕੀੜੀ (ਜਾਂ ਸੇਂਕ ਆਦਿ) ਦੀ ਮੌਤ ਨੇੜੇ ਆਉਂਦੀ ਹੈ ਉਹਨੂੰ ਪਰ ਨਿਕਲ ਆਉਂਦੇ ਹਨ।

ਸਮਝ ਨਹੀਂ ਆਉਂਦੀ ਕਿ ਇਹ ਗੁਰੂ ਜੀ ਦੇ 'ਸਿੰਘ' ਭਾਵ ਸ਼ੇਰ, ਭਮੱਕੜ ਕਿਉਂ ਬਣ ਜਾਂਦੇ ਹਨ? ਮੇਰੇ 'ਗਿੱਲ' ਵੀਰੋ, ਤੁਹਾਡੀ ਸੇਵਾ ਵਿਚ ਬੇਨਤੀ ਹੈ ਕਿ ਤੁਸੀਂ ਤੁਅੱਸਬ ਦੀ ਪੱਟੀ ਅੱਖਾਂ ਤੋਂ ਲਾਹੋ ਅਤੇ ਧੀਰਜ ਠਰੱਮੇ ਨਾਲ ਸੋਚੋ। ਜਿੱਥੇ ਤੱਕ ਗੁਰਸ਼ਰਨ ਸਿੰਘ ਦੀਆਂ ਲਿਖਤਾਂ ਅਤੇ ਡਰਾਮਿਆਂ ਦਾ ਸਬੰਧ ਹੈ, ਉਹ ਗੁਰੂ ਨਾਨਕ ਦੇਵ ਜੀ ਦੀ ਫਲਾਸਫੀ ਦੀ ਤਰਜਮਾਨੀ ਕਰਦੇ ਹੋਏ, ਮਜ਼ਲੂਮਾਂ ਨੂੰ ਆਪਣੇ ਜੀਵਨ-ਹੱਕ ਪ੍ਰਾਪਤ ਕਰਨ ਲਈ ਹਥਿਆਰਬੰਦ ਘੋਲ ਕਰਨ ਦੀ ਪ੍ਰੇਰਨਾ ਕਰਦੇ ਹਨ। ਉਨ੍ਹਾਂ ਵਿਚ ਸਾਂਝੀਵਾਲਤਾ ਸਥਾਪਤ ਕਰਨ ਦਾ ਅਮੁੱਲਾ ਸੁਨੇਹਾ ਹੈ। ਗੁਰਸ਼ਰਨ ਸਿੰਘ ਦੇ ਡਰਾਮੇ ਲੋਕਾਂ ਦੇ ਕਿਸੇ ਇਕ ਫਿਰਕੇ ਦੀ ਵਕਾਲਤ ਨਹੀਂ ਕਰਦੇ। ਗੁਰਸ਼ਰਨ ਸਿੰਘ ਦੀਆਂ ਲਿਖਤਾਂ ਕਿਸੇ ਡੂੰਘੇ ਭੋਰੇ ਵਿਚ ਕੀਤੀ ਭਗਤੀ ਜਾਂ ਸੁੱਕੀ ਬਹਿਸ ਨਹੀਂ। ਗੁਰਸ਼ਰਨ ਸਿੰਘ ਲੋਕਾਂ ਦਾ ਨਿਡਰ ਕਲਾਕਾਰ ਹੈ, ਉਹ ਕਿਸੇ ਪਹਿਰੇ ਥੱਲੇ ਲੋਕਾਂ ਵਿਚ ਡਰਾਮੇ ਕਰਨ ਨਹੀਂ ਆਉਂਦਾ, ਉਹ ਚੜ੍ਹਾਵਾ ਨਹੀਂ ਲੈਂਦਾ, ਉਹ ਟਿਕਟਾਂ ਲਾ ਕੇ ਪੈਸੇ ਇਕੱਠੇ ਨਹੀਂ ਕਰਦਾ ਅਤੇ ਨਾ ਹੀ ਚੋਲਾ ਪਾ ਕੇ, ਹੱਥ ਵਿਚ ਬਰਛੀ ਫੜੀ ਸ਼ਰਦਾਈਆਂ ਘੋਟਣ ਲਈ ਕਾਰਾਂ ਅਤੇ ਲਾਰੀਆਂ ਵਿਚ ਘੁੰਮਦਾ ਹੈ।

ਗਿੱਲ ਵੀਰੋ, ਗੁਰਸ਼ਰਨ ਸਿੰਘ ਨੇ ਭਿੰਡਰਾਂਵਾਲੇ ਨੂੰ ਵੀ ਆਖਿਆ ਸੀ ਕਿ ਜੇ ਉਹ ਹਿੱਟ ਲਿਸਟ ਬਣਾਉਂਦਾ ਹੈ ਤਾਂ ਲੋਕਾਂ ਨੂੰ ਵੀ ਹਿੱਟ ਲਿਸਟ ਬਨਾਉਣੀ ਆਉਂਦੀ ਹੈ! ਇਹ ਗੱਲ ਉਹਨੇ ਕਿਸੇ ਗੁਰਦੁਆਰੇ ਦੀ ਪਰਕਰਮਾਂ ਵਿਚ ਰਫਲਾਂ ਜਾਂ ਪਸਤੌਲਾਂ ਦੀ ਛਾਂ ਵਿਚ ਨਹੀਂ ਕਹੀ ਸੀ। ਸਗੋਂ ਆਪਣੇ ਮਾਸਕ-ਪੱਤਰ ਵਿਚ ਲਿਖੀ ਸੀ, ਜਿਹੜਾ ਦੁਨੀਆਂ ਭਰ ਦੇ ਦੇਸ਼ਾਂ ਵਿਚ ਬੜੇ ਸਤਿਕਾਰ ਨਾਲ ਪੜ੍ਹਿਆ ਜਾਂਦਾ ਹੈ।

ਗਿੱਲ ਵੀਰੋ, ਲੋਕੀਂ ਬਾਬੇ ਨਾਨਕ ਦਾ ਸਤਿਕਾਰ ਇਸ ਲਈ ਨਹੀਂ ਕਰਦੇ ਕਿ ਉਚੀ ਕੁਲ ਵਿਚੋਂ ਸੀ ਸਗੋਂ ਇਸ ਲਈ ਕਿ ਉਹ ਸਰਬੱਤ ਦੇ ਭਲੇ ਵਿਚ ਵਿਸ਼ਵਾਸ ਕਰਦਾ ਸੀ। ਗੋਬਿੰਦ ਸਿੰਘ ਜੀ ਭਾਵੇਂ ਸੋਢੀ ਵੰਸ਼ ਵਿਚੋਂ ਸਨ ਪਰ ਉਨ੍ਹਾਂ ਦੀ ਮਹਾਨਤਾ ਇਸ ਲਈ ਹੈ ਕਿ ਉਨ੍ਹਾਂ ਭਾਰਤੀ ਸਮਾਜ ਵਿਚ ਉਨਾਂ ਜ਼ਾਤਾਂ ਦੇ ਲੋਕਾਂ ਨੂੰ ਉੱਚਾ ਚੁੱਕਣ ਲਈ ਆਪਣਾ ਸਭ ਕੁਝ ਕੁਰਬਾਨ ਕੀਤਾ ਜਿਨ੍ਹਾਂ ਜ਼ਾਤਾਂ ਨੂੰ ਤੁਹਾਡੇ ਜਿਹੇ ਸਿੱਖ ਵੱਢੀਆਂ ਟੁੱਕੀਆਂ ਜ਼ਾਤਾਂ ਸੱਦਦੇ ਹਨ। ਗੋਬਿੰਦ ਸਿੰਘ ਜੀ ਜ਼ੁਲਮ ਦੇ ਵਿਰੁਧ ਲੜੇ ਸਨ, ਅਨਿਆਂ ਅਤੇ ਹਨੇਰ-ਗਰਦੀ ਵਿਰੁਧ ਲੜੇ ਸਨ ਨਾ ਕਿ ਹਿੰਦੂਆਂ, ਸਿੱਖਾਂ ਜਾਂ ਰਾਜਪੂਤਾਂ ਵਿਰੁੱਧ!

ਇਨ੍ਹਾਂ, ਆਪਣੇ ਆਪ ਨੂੰ ਭਮੱਕੜ ਸੱਦਣ ਵਾਲਿਆਂ ਨੂੰ ਸਭ ਤੋਂ ਵੱਧ ਇਸ ਗੱਲ ਦਾ ਦੁੱਖ ਲੱਗਾ ਕਿ ਖਾਲਿਸ-ਤਾਨੀਆਂ ਦੇ ਸੀ.ਆਈ.ਏ. ਨਾਲ ਗੰਦੇ ਗੱਠਜੋੜ ਉਤੇ

ਉਂਗਲ ਕਿਉਂ ਚੁੱਕੀ ਜਾਂਦੀ ਹੈ। ਜੇ ਕਿਸੇ ਨੂੰ ਖਾਲਿਸਤਾਨੀ ਲੀਡਰ ਡਾ. ਜਗਜੀਤ ਸਿੰਘ ਚੌਹਾਨ ਦੇ ਅਮਰੀਕਾ ਨਾਲ ਸਬੰਧਾਂ ਬਾਬਤ ਕੋਈ ਭੁਲੇਖਾ ਹੈ, ਉਹ ਮਈ 1985 ਦਾ ਲਲਕਾਰ ਪੜ੍ਹ ਲਵੇ। ਜੇ ਭਾ ਜੀ, ਤੁਸੀਂ ਵਾਜਬ ਸਮਝੋ ਤਾਂ ਸਮਤਾ ਵਿਚ 'ਲਲਕਾਰ' ਵਾਲੀ ਖਬਰ ਛਾਪ ਦੇਣੀ।

ਗੁਰਸ਼ਰਨ ਜੀ, ਅਸੀਂ ਤੁਹਾਡੇ ਪਰਚੇ ਰਾਹੀਂ, ਇਨ੍ਹਾਂ ਗਿੱਲ ਵੀਰਾਂ ਅਤੇ ਇਹੋ ਜਿਹੀ ਸੋਚ ਵਾਲੇ ਹੋਰ ਪ੍ਰੇਮੀਆਂ ਨੂੰ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਉਹ ਭਿੰਡਰਾਂ ਵਾਲੇ ਦੇ ਬੁਖਾਰ ਤੋਂ ਛੁਟਕਾਰਾ ਪਾਉਣ ਲਈ ਅਤੇ ਸੌੜੀ ਸੋਚ ਦੇ ਸੰਤਾਪ ਤੋਂ ਬਚਣ ਲਈ, ਆਪਣੀ ਦ੍ਰਿਸ਼ਟੀ ਨੂੰ ਵਿਸ਼ਾਲ ਕਰਨ ਅਤੇ ਅੰਤਰ-ਰਾਸ਼ਟਰੀ ਪ੍ਰਸੰਗ ਵਿਚ, ਭਾਰਤ ਅਤੇ ਪੰਜਾਬ ਦੀ ਸਮੱਸਿਆ ਨੂੰ ਜਾਨਣ-ਪਰਖਣ ਦੀ ਖੇਚਲ ਕਰਨ। ਅਸੀਂ ਇਨ੍ਹਾਂ ਦੋਸਤਾਂ ਨੂੰ ਸਾਫ ਸਾਫ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਪੰਜਾਬ ਅਤੇ ਪੰਜਾਬੀ ਦੇ ਦੋਖੀ ਨਹੀਂ ਹਾਂ, ਸਗੋਂ ਅਸੀਂ ਸਮੁੱਚੇ ਭਾਰਤ ਦੇ ਦੁੱਖ ਨੂੰ ਮਜ਼ਬੀ ਰੰਗ ਜਾਂ ਜ਼ਾਤ-ਪਾਤ ਦੇ ਚਸ਼ਮਿਆਂ ਰਾਹੀਂ ਦੇਖਣ ਤੋਂ ਨਾਂਹ ਕਰਦੇ ਹੋਏ ਰਾਜੀਵ ਗਾਂਧੀ ਨੂੰ ਅਤੇ ਅਕਾਲੀ ਲੀਡਰਾਂ ਨੂੰ ਵੰਗਾਰਦੇ ਹਾਂ ਕਿ ਉਹ ਲੋਕਾਂ ਨੂੰ ਨਫਰਤ ਦੀ ਅੱਗ ਵਿਚ ਸੁੱਟ ਕੇ ਇਕ ਦੂਜੇ ਨੂੰ ਕਤਲ ਕਰਨ ਦੀਆਂ ਕੋਝੀਆਂ ਚਾਲਾਂ ਤੋਂ ਬਾਜ਼ ਆਉਣ।

ਅੱਜ ਬਰਤਾਨੀਆਂ ਦੇ ਲਗ ਭਗ ਹਰ ਇਕ ਗੁਰਦੁਆਰੇ ਵਿਚ ਖਾਲਿਸਤਾਨੀ 'ਭਮੱਕੜ' ਜੁੱਤਮ-ਜੁੱਤੀ ਹੋ ਰਹੇ ਹਨ ਅਤੇ ਛਿੱਤਰਾਂ ਵਿਚ ਦਾਲ ਵੰਡ ਹੋ ਰਹੀ ਹੈ ਅਤੇ ਜੋ ਪੰਜਾਬ ਦੇ ਗੁਰਧਾਮਾਂ ਵਿਚ ਹੁੰਦਾ ਹੈ, ਉਹ ਵੀ ਕਿਸੇ ਤੋਂ ਗੁੱਝਾ ਨਹੀਂ। ਗੁਰਸ਼ਰਨ ਸਿੰਘ ਨੂੰ ਧਮਕੀਆਂ ਦੇਣ ਵਾਲੇ, ਮਸੰਦਾਂ ਵੱਲ ਆਪਣਾ ਧਿਆਨ ਕਿਉਂ ਨਹੀਂ ਦਿੰਦੇ ?

ਕੀ ਭਿੰਡਰਾਂ ਵਾਲੇ ਦੇ ਦਿਨਾਂ ਵਿਚ, ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਜੋ ਕਤਲ ਭਿੰਡਰਾਂਵਾਲੇ ਦੇ ਹੁੰਦਿਆਂ ਹੋਏ, ਉਹ ਮੱਸੇ ਰੰਘੜ ਦੇ ਕਾਰਿਆਂ ਨਾਲੋਂ ਘੱਟ ਨਹੀਂ ਸੀ।

ਗਿੱਲ ਵੀਰੋ ਅਤੇ ਹੋਰ ਖਾਲਿਸਤਾਨੀ ਸਿੰਘੋ, ਸਿੱਖਾਂ ਉਤੇ ਜ਼ੁਲਮ ਫਿਰਕਾਪ੍ਰਸਤੀ ਕਰ ਰਹੀ ਹੈ ਜਿਹਦੀ ਜ਼ੁਮੇਵਾਰ ਕਾਂਗਰਸ ਸਰਕਾਰ ਹੈ। ਉਹ ਹਿੰਦੂਆਂ ਉਤੇ ਵੀ ਜ਼ੁਲਮ ਕਰਦੀ ਹੈ, ਉਹ ਮੁਸਲਮਾਨਾਂ ਨੂੰ ਹਿੰਦੂਆਂ ਨਾਲ ਲੜਾਉਂਦੀ ਹੈ। ਉਹ ਦਲਿਤ ਜ਼ਾਤੀਆਂ ਨੂੰ ਵੀ ਕਤਲ ਕਰਵਾਉਂਦੀ ਹੈ; ਅਸਾਮੀਆਂ ਨੂੰ ਬੰਗਾਲੀਆਂ ਵਿਰੁੱਧ; ਬੰਗਾਲੀਆਂ ਨੂੰ ਬਿਹਾਰੀਆਂ ਖਿਲਾਫ ਕਰਦੀ ਹੈ; ਕਮਿਊਨਿਸਟ ਸਿੱਖਾਂ ਦੇ ਵੈਰੀ ਨਹੀਂ, ਗੁਰਸ਼ਰਨ ਸਿੰਘ ਸਿੱਖੀ ਦੀ ਰੂਹ ਦਾ ਅਮਲੀ ਰੂਪ ਵਿਚ ਸਤਿਕਾਰ ਕਰਦਾ ਹੈ। ਉਹ ਦਲਿਤ ਵਰਗਾਂ, ਮਜ਼ਲੂਮ ਲੋਕਾਂ ਅਤੇ ਦੁਖਿਆਰੇ ਲੋਕਾਂ ਦੀ ਏਕਤਾ ਨੂੰ ਵਧਾਉਣ ਵਿਚ ਵਿਸ਼ਵਾਸ ਰੱਖਦਾ ਹੈ। ਉਹ ਇਕ ਇਕ ਦੇ ਹਿੱਸੇ ਪੈਂਤੀ ਪੈਂਤੀ ਆਉਣ ਦੀ ਸਿਖਿਆ ਨਹੀਂ ਦਿੰਦਾ !

ਉਹਦੇ ਡਰਾਮੇ ਲਿਤਾੜੇ ਲੋਕਾਂ ਨੂੰ ਸੁਚੇਤ ਅਤੇ ਖਬਰਦਾਰ ਕਰਦੇ ਹੋਏ, ਇਕ ਮੁੱਠ ਹੋ ਕੇ ਜ਼ਾਲਮ ਦੇ ਖਾਤਮੇ ਦੀ ਸ਼ਿਖਿਆ ਦਿੰਦੇ ਹਨ ਨਾ ਕਿ ਵੱਖਵਾਦ ਅਤੇ ਅਤਿਵਾਦ ਦੀ !

ਪੰਜਾਬ ਦੇ ਹਿੰਦੂ ਮਾਰਨ ਨਾਲ ਅਮਰੀਕਨ ਸਾਮਰਾਜ ਤਾਂ ਖ਼ੁਸ਼ ਹੋ ਸਕਦਾ ਹੈ ਪਰ ਦਿੱਲੀ ਵਿਚ ਮਰਵਾਏ ਸਿੱਖ ਪਰਵਾਰਾਂ ਦਾ ਘਾਣ ਕਰਵਾਉਣ ਵਾਲੀ ਸਰਕਾਰ ਦਾ ਖਾਤਮਾ ਨਹੀਂ ਹੋ ਸਕੇਗਾ '

ਗਿੱਲ ਵੀਰੋ, ਗੁੱਸਾ ਬੰਦੇ ਨੂੰ ਜ਼ਰੂਰ ਆਉਣਾ ਚਾਹੀਦਾ ਹੈ ਪਰ ਗੁੱਸਾ ਭਰਾਵਾਂ ਉਤੇ ਨਹੀਂ ਕੱਢੀਦਾ, ਗੁੱਸਾ ਵੈਰੀ ਉਤੇ, ਖਾਸ ਕਰਕੇ ਜਮਾਤੀ ਵੈਰੀ ਉਤੇ ਕੱਢਣਾ ਠੀਕ ਹੁੰਦਾ ਹੈ, ਸ਼੍ਰੇਣੀ ਸਾਥੀਆਂ ਨਾਲ ਏਕਤਾ ਕਾਇਮ ਕਰਨੀ ਉਚਿਤ ਹੈ।

ਅੰਤ ਵਿਚ, ਇਨ੍ਹਾਂ ਦੋਸਤਾਂ ਨੂੰ ਅਸੀਂ ਦੱਸ ਦੇਣਾ ਚਾਹੁੰਦੇ ਹਾਂ—ਬਹੁਤ ਸਤਿਕਾਰ ਨਾਲ ਕਿ ਆਪਣੀਆਂ ਗਿੱਦੜ ਧਮਕੀਆਂ ਰਾਜੀਵ ਨੂੰ ਦਿਉ ਜਾਂ ਕਿਸੇ ਹੋਰ ਨੂੰ—ਗੁਰਸ਼ਰਨ ਸਿੰਘ ਉਤੇ ਉਂਗਲ-ਚੁੱਕਣ ਤੋਂ ਪਹਿਲਾਂ ਜ਼ਰਾ ਕੁਝ ਸੋਚ ਲਿਉ। ਗੁਰਸ਼ਰਨ ਸਿੰਘ ਲੋਕਾਂ ਦਾ ਕਲਾਕਾਰ ਹੈ—ਇਕ ਮੁਜਾਹਿਦ ਕਲਾਕਾਰ ਅਤੇ ਲੋਕਾਂ ਨਾਲ ਵੈਰ ਕਰਨ ਦੀ ਸਿਰਫ ਮੂਰਖ ਲੋਕ ਹੀ ਸੋਚ ਸਕਦੇ ਹਨ।

—ਅਜਮੇਰ, ਕਵੈਂਟਰੀ

## ਜਗਮੋਹਣ ਜੋਸ਼ੀ ਦੀ ਛੇਵੀਂ ਬਰਸੀ 'ਤੇ—"ਹਮ ਜੰਗ-ਏ-ਆਵਾਮੀ ਸੇ ਕੁਹਰਾਮ ਮਚਾ ਦੇਂਗੇ"

"ਹਰ ਦਿਲ ਮੇਂ ਬਗ਼ਾਵਤ ਕੇ ਸ਼ੋਅਲੋਂ ਕੋ ਜਲਾ ਦੇਂਗੇ
ਹਮ ਜੰਗ-ਏ-ਆਵਾਮੀ ਸੇ ਕੁਹਰਾਮ ਮਚਾ ਦੇਂਗੇ"

ਵਰਗੇ ਅਮੀਰ ਗੀਤ ਨੂੰ ਸੁਣਨ ਵਾਲੇ ਬਹੁਤ ਘੱਟ ਲੋਕ ਇਹ ਜਾਣਦੇ ਹੋਣਗੇ ਕਿ ਇਹ ਗੀਤ ਪ੍ਰਸਿੱਧ ਇਨਕਲਾਬੀ ਕਵੀ ਜਗਮੋਹਣ ਜੋਸ਼ੀ ਦਾ ਲਿਖਿਆ ਹੋਇਆ ਹੈ। ਪੰਜਾਬ 'ਚ, ਇਸ ਮਹਾਨ ਇਨਕਲਾਬੀ ਕਵੀ ਨਾਲ ਲੋਕਾਂ ਦੀ ਸਾਂਝ ਪੁਆਈ ਹੈ ਗੁਰਸ਼ਰਨ ਭਾ ਜੀ ਨੇ। ਇਸ ਸਾਲ 26 ਜਨਵਰੀ ਨੂੰ ਜਦ ਮੈਂ ਤਰਥੱਲੀਆਂ ਭਰਿਆ ਗੀਤ, ਐਕਸ਼ਨ-ਗੀਤ ਵਜੋਂ ਸੁਣਿਆ-ਦੇਖਿਆ ਤਾਂ ਮੇਰੇ ਮਨ 'ਚ ਇਸ ਇਨਕਲਾਬੀ ਕਵੀ ਬਾਰੇ ਜਾਨਣ ਦੀ ਉਤਸੁਕਤਾ ਹੋਈ। ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਦੀਆਂ ਇਨਕਲਾਬੀ ਸਟੇਜਾਂ 'ਤੇ ਇਸ ਪ੍ਰਸਿੱਧ ਗੀਤ ਦੀਆਂ ਧੁੰਮਾਂ

ਪਈਆਂ ਹੋਈਆਂ ਹਨ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਇਸ ਐਕਸ਼ਨ-ਗੀਤ ਨੂੰ ਬੜੀ ਸਫਲਤਾ ਨਾਲ ਸਟੇਜ ਕਰ ਰਿਹਾ ਹੈ। ਪੰਜਾਬੀ ਪਾਠਕ ਸਾਥੀ ਜੋਸ਼ੀ ਨੂੰ ਜਿੰਨਾ ਕੁ ਜਾਣਦੇ ਹਨ 'ਕੁਹਰਾਮ ਮਚਾਉਣ ਵਾਲੇ' ਵਜੋਂ ਹੀ ਜਾਣਦੇ ਹਨ। ਥੋੜ੍ਹੀ ਬਹੁਤ ਹੋਰ ਜਾਣਕਾਰੀ ਮੈਨੂੰ ਸਾਥੀ ਦੇ ਛੋਟੇ ਵੀਰ ਅਤੇ ਮਾਂ ਜੀ ਕੋਲੋਂ ਮਿਲੀ ਹੈ, ਜੋ ਅੱਜ ਕੱਲ ਚੰਡੀਗੜ ਵਿਖੇ ਰਹਿੰਦੇ ਹਨ।

ਸਾਥੀ ਜਗਮੋਹਣ ਦਾ ਜਨਮ 1936 'ਚ ਹੁਸ਼ਿਆਰਪੁਰ ਵਿਖੇ ਹੋਇਆ। ਉਹ ਸ਼ੁਰੂ ਤੋਂ ਹੀ ਬਾਗ਼ੀ ਤਬੀਅਤ ਦਾ ਮਾਲਕ ਸੀ। ਪਹਿਲਾਂ-ਪਹਿਲਾਂ ਉਸ ਪੜ੍ਹਾਈ ਵੱਲ ਘੱਟ ਧਿਆਨ ਦਿੱਤਾ, ਪਰ ਉਹ ਸਾਥੀਆਂ 'ਚ ਰਹਿ ਕੇ ਬੜਾਂ ਖੁਸ਼ ਰਹਿੰਦਾ ਸੀ। ਪਰ ਬਾਅਦ 'ਚ ਪੜ੍ਹਾਈ 'ਚ ਹੁਸ਼ਿਆਰ ਹੋ ਗਿਆ ਤੇ ਕਦੀ ਫੇਲ੍ਹ ਨਹੀਂ ਹੋਇਆ। ਉਸਨੇ ਗੌਰਮਿੰਟ ਕਾਲਜ ਹੁਸ਼ਿਆਰਪੁਰ ਤੋਂ ਐਮ. ਏ. ਤਕ ਦੀ ਪੜ੍ਹਾਈ ਕੀਤੀ। ਬਹੁਤ ਸ਼ੋਰਮਾਕੋਲ ਸੀ ਉਹ। ਛੋਟਾ ਜਿਹਾ ਪ੍ਰਵਾਰ ਸੀ: ਦੋ ਭਰਾ, ਇਕ ਭੈਣ। ਜਦ ਉਹ ਕਾਲਜ ਪੜ੍ਹਦਾ ਸੀ ਤਾਂ ਭੈਣ ਵੀ ਕਾਲਜ ਪੜ੍ਹਦੀ ਸੀ। ਇਕ ਦਿਨ ਸਰੋਜ ਨੇ ਕਾਲਜ ਜਾਂਦਿਆਂ ਰਾਹ 'ਚ ਆਵਾਜ਼ ਮਾਰ ਦਿੱਤੀ ਕਿ "ਜਗਮੋਹਣ, ਮੈਂ ਫ਼ੀਸ ਘਰੇ ਭੁੱਲ ਆਈ ਹਾਂ" ਤਾਂ ਉਸ ਗੁੱਸੇ ਹੋ ਕੇ ਕਿਹਾ ਕਿ ਅੱਗੋਂ ਤੋਂ ਮੈਨੂੰ ਆਵਾਜ਼ ਨਾ ਮਾਰੀਂ ਤੇ ਉਸ ਤੋਂ ਬਾਅਦ ਉਸਨੇ ਉਹ ਰਾਹ ਹੀ ਛੱਡ ਦਿੱਤਾ। ਬਹੁਤ ਸੰਗਾਊ ਸੀ ਉਹ। ਚਾਹੁੰਦਾ ਸੀ ਕਿ ਉਸੇ ਨੂੰ ਕੋਈ ਨਾ ਜਾਣੇ ਤੇ ਚੁੱਪਚਾਪ ਆਪਣੀਆਂ ਸਰਗਰਮੀਆਂ ਜਾਰੀ ਰੱਖੇ। ਜ਼ਿੰਦਗੀ ਵੀ ਉਹ ਬਹੁਤ ਸਾਦਾ ਬਤੀਤ ਕਰਦਾ ਰਿਹਾ। ਮੂੰਹ ਧੋਤਾ, ਸਿਰ 'ਤੇ ਹੱਥ ਜਿਹਾ ਫੇਰਿਆ ਤੇ ਕਾਲਜ ਤੁਰ ਪਿਆ। ਘਰ 'ਚ ਉਸਦੀ ਵੱਖਰੀ ਹੀ ਸ਼ਖਸੀਅਤ ਸੀ।

ਮੁਸਲਮਾਨ ਮੁੰਡਿਆਂ ਨਾਲ ਉਸਦੀ ਔੜੀ ਬੜੀ ਸੀ। ਸ਼ਾਇਦ ਇਹੀ ਕਾਰਨ ਸੀ ਕਿ ਉਹ ਸ਼ਾਇਰੀ 'ਚ ਜ਼ਿਆਦਾ ਦਿਲਚਸਪੀ ਲੈਣ ਲੱਗ ਪਿਆ। ਆਜ਼ਾਦੀ ਦਾ ਮਤਵਾਲਾ ਸੀ ਉਹ। ਬੜੀ ਤਾਂਘ ਸੀ ਉਸਨੂੰ ਆਜ਼ਾਦੀ ਦੀ। ਤੇ ਆਖਰ 'ਅਜ਼ਾਦੀ' ਮਿਲ ਗਈ। 17 ਸਾਲਾਂ ਦੀ ਉਮਰ 'ਚ ਹੀ ਉਸਨੇ ਅਹਿਸਾਸ ਕਰ ਲਿਆ ਕਿ ਗਾਂਧੀ-ਨਹਿਰੂ ਹੁਰਾਂ ਵਲੋਂ ਲਿਆਂਦੀ ਅਜ਼ਾਦੀ ਨਹੀਂ। ਇਸ ਬਾਰੇ ਉਹ ਆਪਣੀ ਕਵਿਤਾ 'ਚੋਂ ਕਹਿੰਦਾ ਹੈ:

ਕਿਆ ਭੁੱਖ ਹੀ ਅੰਜਾਮ ਹੈ ਆਜ਼ਾਦੀ ਕਾ,
ਕਿਆ ਮਸ਼ਕਿ ਸਿਤਮ ਕਾਮ ਹੈ ਆਜ਼ਾਦੀ ਕਾ
ਗਾਂਧੀ ਕੇ ਜਵਾਹਰ ਕੇ ਚਹੇਤੇ ਬੋਲੋ,
ਕਿਆ ਕਤਲਿ ਵਤਨ ਨਾਮ ਹੈ ਆਜ਼ਾਦੀ ਕਾ

ਸਾਥੀ ਜੋਸ਼ੀ ਆਪਣੇ ਵਿੱਤ-ਮੁਤਾਬਕ ਇਨਕਲਾਬੀ ਲਹਿਰ 'ਚ ਮੁੱਢ ਤੋਂ ਹੀ ਕੰਮ ਕਰਦਾ ਰਿਹਾ। ਪੰਜਾਬ 'ਚੋਂ 'ਨਵਾਂ ਜ਼ਮਾਨਾ' ਜਦ ਉਰਦੂ 'ਚ ਨਿਕਲਦਾ ਸੀ ਤਾਂ ਉਹ ਇਸ ਦੇ ਪ੍ਰਬੰਧਕੀ ਸਟਾਫ਼ 'ਚ ਕੰਮ ਕਰਦਾ ਰਿਹਾ। 1956 'ਚ ਉਹ ਇੰਗਲੈਂਡ ਚਲਾ ਗਿਆ। 1958 'ਚ ਉਹ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗਰੇਟ ਬ੍ਰਿਟੇਨ) ਦੀ ਬਰਮਿੰਘਮ ਬਰਾਂਚ ਦਾ ਬਾਨੀ ਮੈਂਬਰ ਬਣਿਆ। ਸਹੀ ਅਰਥਾਂ 'ਚ ਉਸਦੀ ਸਿਆਸੀ ਜ਼ਿੰਦਗੀ ਦੀ ਬੱਝਵੀਂ ਸ਼ੁਰੂਆਤ ਇੰਗਲੈਂਡ 'ਚ ਹੀ ਹੋਈ। 1958 ਤੋਂ ਲੈਕੇ ਆਪਣੀ ਜ਼ਿੰਦਗੀ ਦੇ ਅਖੀਰਲੇ ਪਲਾਂ ਤੱਕ ਉਹ ਇੰਗਲੈਂਡ ਦੀ ਮਜ਼ਦੂਰ-ਤਹਿਰੀਕ 'ਚ ਇਕ ਸਰਗਰਮ ਕਾਰਕੁੰਨ ਬਣਿਆ ਰਿਹਾ। ਜਗਮੋਹਣ ਜੋਸ਼ੀ, ਜੋ ਆਪਣੀ ਕਵਿਤਾ 'ਅਸਰ ਹੁਸ਼ਿਆਰਪੁਰੀ' ਦੇ ਨਾਂ ਹੇਠ ਲਿਖਦਾ ਹੁੰਦਾ ਸੀ, ਇੰਗਲੈਂਡ ਵਿਚਲੀ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦਾ ਰੂਹ-ਏ-ਰਵਾਨ ਸੀ। ਹਿੰਦੁਸਤਾਨ 'ਚ ਇਨਕਲਾਬ ਦਾ ਝੰਡਾ-ਬਰਦਾਰ ਸੀ। ਇੰਗਲੈਂਡ ਜਾਣ ਤੋਂ ਬਾਅਦ ਪਹਿਲੀ ਵਾਰ, ਪੰਜਾਬ 7 ਸਾਲਾਂ ਬਾਅਦ ਵਾਪਸ ਪਰਤਿਆ। ਮਾਂ ਦੱਸਦੀ ਹੈ, 'ਬੜੀਆਂ ਚਿੱਠੀਆਂ ਪਾ-ਪਾ ਸੱਦਿਆ ਹੈ ਉਸ ਨੂੰ।' ਕੁਲ ਤਿੰਨ ਵਾਰੀ ਪੰਜਾਬ ਵਾਪਸ ਆਇਆ। ਸਤੰਬਰ, 1966 'ਚ ਉਸਨੇ ਇੰਗਲੈਂਡ 'ਚ ਹੀ Sociology (ਸਮਾਜ ਵਿਗਿਆਨ) ਦੀ ਇਕ ਅਧਿਆਪਕਾ ਨਾਲ ਵਿਆਹ ਕਰਵਾਇਆ। ਉਸ ਦੀ ਜੀਵਨ-ਸਾਥਣ ਅੱਜ ਵੀ ਇੰਡੀਅਨ ਵਰਕਰਜ਼ ਐਸੋਸੀਏਸ਼ਨ 'ਚ ਸਰਗਰਮੀ ਨਾਲ ਕੰਮ ਕਰਦੀ ਹੈ।

ਨਕਸਲਬਾੜੀ ਦੀ ਮਹਾਨ ਬਗਾਵਤ ਤੋਂ ਸਾਥੀ ਜਗਮੋਹਣ ਬਹੁਤ ਪ੍ਰਭਾਵਤ ਸੀ। ਸੋਧਵਾਦੀਆਂ ਤੇ ਪਿਛਾਖੜੀ ਅਨਸਰਾਂ ਖਿਲਾਫ਼ ਉਸਨੂੰ ਕਹਿਰਾਂ ਦੀ ਨਫ਼ਰਤ ਸੀ। ਇੰਗਲੈਂਡ 'ਚ ਆ ਕੇ ਵੀ ਉਸਦਾ ਇਹ ਸਮਝੌਤਾ-ਰਹਿਤ ਜਦੋ ਜਹਿਦ ਰੁਕੀ ਨਹੀਂ। ਇਥੇ ਉਹ ਸੀ. ਪੀ. ਐਮ. ਦੇ ਆਗੂਆਂ ਨਾਲ ਸਿਧਾਂਤਕ ਪੱਖ ਤੋਂ ਸਖਤ-ਜਾਨ ਟੱਕਰ ਲੈਂਦਾ ਰਿਹਾ। ਉਹ ਇਕ ਖਰਾ ਤੇ ਸਿਰੜੀ ਕਮਿਊਨਿਸਟ ਇਨਕਲਾਬੀ ਸੀ। ਹਥਿਆਰਬੰਦ ਘੋਲ ਦੀ ਗੱਲ ਉਹ ਸ਼ੁਰੂ ਤੋਂ ਹੀ ਮਜ਼ਦੂਰਾਂ 'ਚ ਉਭਾਰਦਾ ਰਿਹਾ।

ਇੰਗਲੈਂਡ ਦੀ ਮਜ਼ਦੂਰ ਜਮਾਤ ਨੂੰ ਉਸਨੇ ਵਿਸ਼ੇਸ਼ ਕਰਕੇ ਨਸਲੀ ਵਿਤਕਰੇ ਵਿਰੁੱਧ ਜਥੇਬੰਦ ਕੀਤਾ। ਇਸ ਸਿਲਸਿਲੇ 'ਚ ਉਸਨੇ ਬਹੁਤ ਸਾਰੀਆਂ ਜਦੋਜਹਿਦਾਂ ਦੀ ਅਗਵਾਈ ਕੀਤੀ। 3 ਜੂਨ, 1979 ਨੂੰ ਹਾਈਡ ਪਾਰਕ, ਲੰਡਨ ਵਿਖੇ ਨਸਲੀ ਵਿਤਕਰੇ ਖਿਲਾਫ਼ ਇਕ ਵੱਡੇ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਅਚਾਨਕ ਉਸਨੂੰ ਦਿਲ ਦਾ ਦੌਰਾ ਪਿਆ ਤੇ ਸੰਘਰਸ਼ ਦੇ ਮੈਦਾਨ 'ਚ ਹੀ ਇਹ ਅਣਥੱਕ ਯੋਧਾ ਸਾਥੋਂ ਸਦਾ ਲਈ ਵਿਛੜ ਗਿਆ।

ਇੰਗਲੈਂਡ ਵਿਚਲੇ ਹਿੰਦੁਸਤਾਨੀ ਮਜ਼ਦੂਰ ਸਾਥੀ ਜਗਮੋਹਣ ਜੋਸ਼ੀ ਨੂੰ ਬੇਹੱਦ ਪਿਆਰ ਕਰਦੇ ਸਨ। ਆਖ਼ਰਾਂ ਦਾ ਮਾਣ-ਸਤਕਾਰ ਦਿੱਤਾ ਉਹਨਾਂ ਉਸਨੂੰ। ਪ੍ਰਸਿੱਧ

ਇਨਕਲਾਬੀ ਨਾਟਕਕਾਰ ਗੁਰਸ਼ਰਨ ਸਿੰਘ ਦੇ ਲਫ਼ਜ਼ਾਂ 'ਚ "ਪਿਛਲੇ ਸਾਲ (1983) ਜਦੋਂ ਮੈਂ ਇੰਗਲੈਂਡ ਗਿਆ ਤਾਂ ਮੈਨੂੰ ਉਸ ਅੰਥਾਹ ਪਿਆਰ ਅਤੇ ਸਤਕਾਰ ਦਾ ਅਹਿ-ਸਾਸ ਹੋਇਆ ਜੋ ਜਗਮੋਹਣ ਜੋਸ਼ੀ ਨੇ ਇੰਗਲੈਂਡ 'ਚ ਵਸਦੇ ਹਿੰਦੁਸਤਾਨੀ ਮਜ਼ਦੂਰਾਂ 'ਚ ਹਾਸਲ ਕੀਤਾ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਵਤਾਰ ਜੌਹਲ ਤੋਂ ਲੈ ਕੇ ਸਧਾਰਨ ਵਰਕਰ ਤੱਕ ਸਭੋ ਸਾਥੀ ਜੋਸ਼ੀ ਦਾ ਨਾਂ ਲੈਂਦਿਆਂ ਹੀ ਇਕਦਮ ਭਾਵੁਕ ਹੋ ਜਾਂਦੇ ਸਨ। ਸਰਗਰਮ ਸੰਘਰਸ਼ 'ਚ ਉਸ ਸੂਰਮੇ ਦੀ ਮੌਤ ਹੋਈ। ਇਸ ਲਈ ਉਸਦਾ ਹੇਠਲਾ ਸ਼ੇਅਰ ਉਥੇ ਮੈਂ ਬਹੁਤ ਸਾਰੇ ਹਿੰਦੋਸਤਾਨੀ ਘਰਾਂ 'ਚ ਜੋਸ਼ੀ ਦੀ ਤਸਵੀਰ ਥੱਲੇ ਲਿਖਿਆ ਹੋਇਆ ਪੜ੍ਹਿਆ।'

ਕਿਆ ਡਰ ਹੈ ਜੋ ਨੂਰ ਕੀ ਚਾਹਤ ਮੇਂ
ਹਮ ਕੋ ਭੀ ਸ਼ਬਿਗ਼ਮ ਖਾ ਜਾਏ।
ਕੁਛ ਲੋਕ ਤੋ ਐਸੇ ਭੀ ਹੋਂਗੇ
ਜੋ ਸੁਬਹਿ ਦਰਖਸ਼ਾਂ ਦੇਖੇਂਗੇ।

(ਸਾਨੂੰ ਇਸ ਗੱਲ ਦਾ ਫ਼ਿਕਰ ਨਹੀਂ ਕਿ ਰੌਸ਼ਨੀ ਦੀ ਚਾਹਤ ਵਿਚ ਹੀ ਅਸੀਂ ਰਾਤ ਦੇ ਹਨੇਰੇ 'ਚ ਮਿਟ ਜਾਈਏ ਪਰ ਕੁਝ ਲੋਕ ਤਾਂ ਅਜਿਹੇ ਜ਼ਰੂਰ ਹੋਣਗੇ ਜੋ ਚਮਕਦੀ ਹੋਈ ਸਵੇਰ ਦੀ ਕਿਰਨ ਵੇਖਣਗੇ)

ਭਾਵੇਂ ਸਾਥੀ ਜਗਮੋਹਣ ਕਵਿਤਾ ਉਰਦੂ 'ਚ ਲਿਖਦਾ ਹੁੰਦਾ ਸੀ ਪਰ ਜ਼ਬਾਨ ਦੀ ਸਰਲਤਾ ਕਰਕੇ ਉਸ ਦੀ ਕਵਿਤਾ ਸਾਰੇ ਪੰਜਾਬੀਆਂ 'ਚ ਹਰਮਨ-ਪਿਆਰੀ ਸੀ ਤੇ ਸੰਤਰਾਮ ਵਾਂਗੂੰ ਉਸਦੇ ਬੋਲੇ ਗੀਤ ਜਾਂ ਸ਼ਿਅਰ ਸੁਣਾਏ ਜਾਂਦੇ ਸਨ। ਜ਼ਬਾਨ ਦੀ ਸਰਲਤਾ ਤੇ ਸਪਸ਼ਟਤਾ ਹਰ ਇਨਕਲਾਬੀ ਕਵੀ ਦੀ ਘਾਲਨਾ ਦਾ ਨਿਸ਼ਾਨਾ ਹੁੰਦਾ ਹੈ, ਕਿਉਂਜੋ ਉਸਨੇ ਆਪਣੇ ਵਿਚਾਰਾਂ ਨੂੰ ਆਪਣੇ ਲੋਕਾਂ ਤੱਕ ਪਹੁੰਚਾਉਣਾ ਹੁੰਦਾ ਹੈ। ਹਾਸਲ ਜਾਣਕਾਰੀ ਮੁਤਾਬਕ ਉਸਦੀ ਸ਼ਾਇਰੀ ਦੀਆਂ ਦੋ ਕਿਤਾਬਾਂ "ਦਿੱਲੀ ਦੂਰ ਨਹੀਂ" ਅਤੇ "ਪੈਮਾਨੇ-ਇਨਕਲਾਬ" ਛਪੀਆਂ ਮਿਲਦੀਆਂ ਹਨ। ਇਨਕਲਾਬ ਵੱਲ ਵਚਨਬੱਧ ਕਵਿਤਾ ਦੀ ਜੇਕਰ ਕੋਈ ਪ੍ਰਤੀਨਿਧ ਮਿਸਾਲ ਪੁੱਛੀ ਜਾਵੇਗੀ ਤਾਂ ਪੈਮਾਨੇ-ਇਨਕਲਾਬ ਇਕ ਪ੍ਰਮੁਖ ਮਿਸਾਲ ਦੇ ਤੌਰ 'ਤੇ ਦਿੱਤੀ ਜਾ ਸਕੇਗੀ। ਦੇਖੋ ਉਸਦੀ ਸ਼ਾਇਰੀ ਦੀਆਂ ਕੁਝ ਝਲਕਾਂ :

ਕਤਰੋਂ ਮੇਂ ਨਿਹ ਅਜ਼ਮਤਿ ਦਰਿਯਾ ਭੀ ਹੈ,
ਫੂਲੋਂ ਮੇਂ ਜੋ ਸ਼ਬਨਮ ਹੈ ਤੋ ਸ਼ੋਅਲਾ ਭੀ ਹੈ।
ਹਮ ਖ਼ਾਕ-ਨਸ਼ੀਨੋਂ ਸੇ ਉਲਝਨੇ ਵਾਲੇ,
ਜ਼ੱਰੇ ਮੇਂ ਛੁਪੀ ਵਹਿਸ਼ਤ ਸਹਿਰਾ ਭੀ ਹੈ।

(ਸਾਡੇ ਨਿੱਕੇ ਜਿਹੇ ਵਜੂਦ ਤੋਂ ਧੋਖਾ ਨਾ ਖਾਉ। ਇਕ ਕਤਰੇ 'ਚ ਦਰਿਆ ਦਾ ਜੋਸ਼ ਬੰਦ ਹੈ। ਫੁੱਲਾਂ 'ਚ ਜੋ ਤੁਸੀਂ ਤਰੇਲ ਤੁਪਕੇ ਵੇਖਦੇ ਹੋ, ਉਹਨਾਂ ਵਿਚੋਂ ਅੱਗੇ ਦੇ ਸ਼ੋਅਲੇ ਵੀ ਹਨ। ਸਾਡੀ ਮਿੱਟੀ ਵਿਚ ਰਹਿਣ ਵਾਲਿਆਂ ਦੀ ਤੁਹਾਨੂੰ ਚੁਣੌਤੀ ਹੈ ਕਿ ਸਾਡੇ ਨਾਲ ਨਾ ਉਲਝੋ ਕਿਉਂਕਿ ਰੇਤ ਦੇ ਇਕ ਕਣ ਵਿਚ ਰੇਗਿਸਤਾਨ ਦੀ ਵੇਹਿਸ਼ਤ ਵੀ ਹੈ!)

ਕਵੀ ਆਪਣੇ 'ਤੇ ਜ਼ੁਲਮ ਕਰਨ ਵਾਲੇ ਨੂੰ ਨਹੀਂ ਭੁਲਦਾ। ਉਹ ਉਹਨਾਂ ਕੋਲੋਂ ਬਦਲਾ ਲੈਣ ਦਾ ਐਲਾਨ ਕਰਦਾ ਹੈ, ਜਿਹਨਾਂ ਨੇ ਉਹਦੇ ਸਾਥੀਆਂ ਦਾ ਲਹੂ ਧਰਤੀ 'ਤੇ ਵਹਾਇਆ :

"ਤੁਮ ਆਤਸ਼ੇ ਨਫ਼ਰਤ ਸੁਲਗਾਓ,
ਮੈਂ ਜੋਸ਼ੇ ਗ਼ਜ਼ਬ ਗਰਮਾਤਾ ਹੂੰ।
ਤੁਮ ਤੇਜ਼ ਕਰੋ ਤਲਵਾਰੋਂ ਕੋ, ਮੈਂ ਤੇਸ਼ੇ ਭਾਲੇ ਲਾਤਾ ਹੂੰ।
ਜੋ ਖ਼ੂਨ ਗਿਰਾ ਹੈ ਧਰੇਤੀ ਪਰ,
ਇਨਸਾਫ਼ ਤਲਬ ਦੀਵਾਨੋਂ ਕਾ।
ਬੇਖ਼ੌਫ਼ ਖ਼ਤਰ ਪਰਵਾਨੋਂ ਕਾ, ਐ ਲਾਲ ਫਰੇਰੇ ਤੇਰੀ ਕਸਮ
ਇਸ ਖ਼ੂਨ ਕਾ ਬਦਲਾ ਹਮ ਲੇਂਗੇ
ਇਸ ਖ਼ੂਨ ਕਾ ਬਦਲਾ ਹਮ ਲੇਂਗੇ

ਆਪਣੀ ਪ੍ਰਸਿੱਧ ਲੰਬੀ ਨਜ਼ਮ 'ਦਿੱਲੀ ਦੂਰ ਨਹੀਂ' 'ਚ ਕਵੀ ਆਪਣੇ ਨਿਸ਼ਾਨੇ ਦਾ ਬਿਆਨ ਕਰਦਾ ਹੈ :

"ਹਮਵਤਨੋਂ ਅਫ਼ਲਾਸ ਕੇ ਮਾਰੋ,
ਦਿੱਲੀ ਕੇ ਅਸਲੀ ਹੱਕਦਾਰੋ
ਖੇਤੋਂ ਕੀ ਆਗੋਸ਼ ਸੇ ਉਠੋ, ਦਿਹਾਤੋਂ ਮੇਂ ਲਾਵਾ ਉਗਲੋ
ਗੰਦਮ ਕੇ ਬੋਰੋਂ ਤੱਕ ਫੈਲੋ, ਧਾਨ ਕੇ ਗੋਦਾਮੋਂ ਤੱਕ ਨਾਚੋ,
ਤੇਸ਼ੇ ਭਾਲੇ ਨੇਜ਼ੇ ਖੰਜਰ, ਹਾਥ ਮੇਂ ਜੋ ਕੁਛ ਆਏ ਥਾਮੋ
ਦਿੱਲੀ ਦੂਰ ਨਹੀਂ ਹੈ ਯਾਰੋ, ਦਿੱਲੀ ਕੇ ਅਸਲੀ ਹੱਕਦਾਰੋ"

ਦੁਨੀਆ ਦੇ ਪਹਿਲੇ ਇਨਕਲਾਬੀ ਸਪਾਰਟਾਕਸ ਦੀ ਬਗਾਵਤ ਦੀ ਗਾਥਾ ਵਿਚਲੀ ਇਕ ਝਲਕ ਦੇਖੋ : ਬਾਗੀ, ਗੁਲਾਮ-ਮਾਲਕਾਂ ਵਿਰੁਧ ਪਹਿਲੇ ਦਿਨ ਦੀ ਲੜਾਈ ਦੇ ਬਾਅਦ ਰਾਤ ਨੂੰ ਇਕੱਠੇ ਬੈਠੇ ਹਨ ਤੇ ਦਿਨੇ ਹੋਈ ਲੜਾਈ ਦਾ ਜਾਇਜ਼ਾ ਲੈ ਰਹੇ ਹਨ। ਇੱਕ ਨੁੱਕਰ 'ਚ ਦੂਜਿਆਂ ਤੋਂ ਵੱਖ ਇਕ ਕਮਜ਼ੋਰ ਜਿਹਾ ਬੰਦਾ ਬੈਠਾ ਹੈ। ਪੁੱਛਣ 'ਤੇ ਪਤਾ ਲੱਗਦਾ ਹੈ ਕਿ ਉਹ ਇਕ ਕਵੀ ਹੈ। ਉਹ ਉਦਾਸ ਹੈ ਕਿਉਂਕਿ ਉਹ ਗੁਲਾਮਾਂ ਦੀ ਆਜ਼ਾਦੀ ਦੀ ਲੜਾਈ 'ਚ ਹੋਰਨਾਂ ਵਾਂਗ ਹਿੱਸਾ ਨਹੀਂ ਪਾ ਸਕਦਾ। ਸਪਾਰਟਾਕਸ ਕਹਿੰਦਾ ਹੈ ਕਿ ਉਹ ਸਾਰੇ ਅੱਜ ਦੀ ਰਾਤ ਉਸ ਦੀ ਕਵਿਤਾ ਸੁਣਨਗੇ। ਉਸਨੇ ਕਵਿਤਾ ਸੁਣਾਈ। ਉਸਦੀ ਕਵਿਤਾ ਵਿਚ ਜੋਸ਼ ਸੀ, ਇਕ ਅੱਗ ਸੀ। ਇਕ ਪ੍ਰੇਰਨਾ ਸੀ, ਜਿਸਨੇ ਬਾਗੀ ਗੁਲਾਮਾਂ ਨੂੰ ਅਗਲੇ ਦਿਨ ਦੀ ਜੰਗ ਲਈ ਇਕ ਨਵਾਂ ਹੌਂਸਲਾ ਦਿੱਤਾ। ਇਸ ਤਰ੍ਹਾਂ ਉਸ ਕਵੀ ਨੇ ਅਜ਼ਾਦੀ ਦੀ ਲੜਾਈ 'ਚ ਹਿੱਸਾ ਪਾਇਆ। ਇੰਗਲੈਂਡ 'ਚ ਵੱਸਦੀ ਮਜ਼ਦੂਰ ਜਮਾਤ ਦੀ ਆਪਣੇ ਹੱਕਾਂ ਲਈ

ਸੰਘਰਸ਼ਾਂ 'ਚ ਅਤੇ ਨਸਲਵਾਦੀ ਜਬਰ ਦੇ ਵਿਰੁੱਧ ਸੰਗਰਾਮਾਂ 'ਚ ਜੋਸ਼ੀ ਦੀ ਕਵਿਤਾ ਨੇ ਵੀ ਇਹ ਭੂਮਿਕਾ ਨਿਭਾਈ ਹੈ।

ਜਗਮੋਹਣ ਜੋਸ਼ੀ ਜੰਮਿਆ ਪੰਜਾਬ 'ਚ, ਲਿਖਿਆ ਉਸ 'ਬਿਗਾਨੀ' ਭਾਸ਼ਾ ਉਰਦੂ 'ਚ ਅਤੇ ਸਾਰੀ ਸਿਆਸੀ ਜ਼ਿੰਦਗੀ ਗੁਜ਼ਾਰੀ ਉਸ ਇੰਗਲੈਂਡ 'ਚ। ਇਹ ਤੱਥ ਦਰਸਾਉਂਦੇ ਹਨ ਕਿ ਉਹ ਸ਼ਬਦਾਂ ਦੇ ਸਹੀ ਅਰਥਾਂ 'ਚ ਤੰਗ-ਨਜ਼ਰੀਆਂ ਛੋਟੀਆਂ ਗਿਣਤੀਆਂ-ਮਿਣਤੀਆਂ ਤੋਂ ਉੱਚਾ ਸੀ। ਉਸਦੀ ਸਮੁੱਚੀ ਜ਼ਿੰਦਗੀ ਸਾਨੂੰ ਪ੍ਰੇਰਨਾ ਦਿੰਦੀ ਹੈ ਕਿ ਤੰਗ-ਵਲਗਣਾਂ ਛੱਡਦਿਆਂ ਪੂਰੇ ਜੋਸ਼-ਜੋਸ਼ ਨਾਲ ਖਰੇ ਇਨਕਲਾਬੀ ਬਣਨ ਵੱਲ ਵਧੀਏ।

ਅੱਜ ਜਦ ਕਿ ਅਸੀਂ ਸਾਥੀ ਜਗਮੋਹਣ ਜੋਸ਼ੀ ਦੀ ਛੇਵੀਂ ਬਰਸੀ ਮਨਾ ਰਹੇ ਹਾਂ, ਉਸ ਨੂੰ ਯਾਦ ਕਰ ਰਹੇ ਹਾਂ ਤਾਂ ਦੁਨੀਆਂ ਭਰ 'ਚ ਵੱਡੀਆਂ ਸਿਆਸੀ ਉਥਲ-ਪੁੱਥਲਾਂ ਹੋ ਰਹੀਆਂ ਹਨ।...ਤੇ ਹਿੰਦੁਸਤਾਨ ਵੀ ਇਸ ਤੋਂ ਬਚੀ ਨਹੀਂ। ਮਜ਼ਦੂਰਾਂ ਕਿਸਾਨਾਂ ਦੇ ਵੱਡੇ ਵੱਡੇ ਘੋਲ ਕੋਲੋਂ ਦੀ ਲੰਘ ਰਹੇ ਹਨ। ਕਮਿਊਨਿਸਟ ਇਨਕਲਾਬੀਆਂ ਦੀ ਅਗਵਾਈ ਤੋਂ ਸੱਖਣੇ ਇਹ ਘੋਲ ਸਾਨੂੰ ਵੰਗਾਰ ਰਹੇ ਹਨ ਕਿ ਤਕੜੇ ਹੋਵੋ। ਸਮਾਜ ਦੀ ਸਚਾਈ ਜਾਣਨ 'ਤੇ ਜ਼ੋਰ ਲਾਓ 'ਤੇ ਫਿਰ ਮੈਦਾਨ-ਏ-ਜੰਗ 'ਚ ਲੱਕ ਬੰਨ੍ਹ ਕੇ ਕੁੱਦ ਪਵੋ। ਜਿੱਤ ਹਰ ਸੂਰਤ 'ਚ ਆਪਣੇ ਕਦਮ ਚੁੰਮੇਗੀ।

[ਨੋਟ—ਜੋਸ਼ੀ ਦੇ ਇਨਕਲਾਬੀ ਗੀਤਾਂ ਦੀ ਕੈਸਿਟ 'ਪੈਮਾਨੇ-ਇਨਕਲਾਬ' ਇਨਕਲਾਬੀ ਘੇਰਿਆਂ 'ਚ ਅੱਜ ਕੱਲ ਬਹੁਤ ਹਰਮਨ ਪਿਆਰੀ ਹੋ ਰਹੀ ਹੈ]

ਪੇਸ਼ਕਸ਼ : ਬਿਹਾਰੀ ਲਾਲ

## ਮਨੁੱਖੀ ਹੱਕਾਂ ਤੇ ਛਾਪਾ—ਇਕ ਰਿਪੋਰਟ

ਵੀਰਵਾਰ, ਅੱਪਰੈਲ 18, 1985 ਨੂੰ ਵਰੰਗਲ ਪੁਲਸ (ਆ.ਪ੍ਰ.) ਨੇ ਸਰਜਨਾ ਮੈਗਜ਼ੀਨ ਦੀ ਐਡੀਟਰ ਹੇਮਲਥਾ ਨੂੰ ਦੇਸ਼-ਧਰੋਹੀ ਤੇ ਮੌਜੂਦਾ ਚੁਣਾਵੀਂ ਸਿਸਟਮ, ਸਰਕਾਰ ਤੇ ਉਸਦੀ ਪ੍ਰਬੰਧਕੀ ਮਸ਼ੀਨਰੀ ਬਾਰੇ ਲੋਕਾਂ ਵਿਚ ਨਫ਼ਰਤ ਫੈਲਾਣ ਦੇ ਜੁਰਮ ਥੱਲੇ ਗ੍ਰਿਫ਼ਤਾਰ ਕੀਤਾ। ਹੇਠਾਂ ਅਸੀਂ ਹੇਮਲਥਾ ਦੇ ਲਿਖੇ ਲੇਖ—ਮਨੁੱਖੀ ਕੀਮਤਾਂ: ਰਾਜੱਵਾ ਤੋਂ ਸੱਤੇਮਾ ਤੱਕ—ਦੇ ਕੁਝ ਅੰਸ਼ ਛਾਪ ਰਹੇ ਹਾਂ। ਦੇਸ਼ ਧਰੋਹੀ ਤੇ ਲੋਕ ਦੁਸ਼ਮਣ ਕੌਣ ਹਨ, ਇਸਦਾ ਫ਼ੈਸਲਾ ਕਰਨਾਂ ਸ਼ਾਇਦ ਔਖਾ ਨਹੀਂ।

ਅਕਤੂਬਰ 20, 1978 ਨੂੰ ਆਂਧਰਾ ਸਰਕਾਰ ਨੇ ਕਰੀਮ ਨਗਰ ਜ਼ਿਲ੍ਹੇ ਦੇ ਸਿਰਸਿੱਲਾ ਤੇ ਜਾਗਿਤਿਆਲ ਤਾਲੁਕ ਨੂੰ 'ਡਿਸਟਰਬ ਏਰੀਆ' ਘੋਸ਼ਤ ਕੀਤਾ ਕਿਉਂਕਿ ਉਥੋਂ ਦੇ ਵੱਡੇ ਭੂਮੀਪਤੀਆਂ ਦੇ ਜਾਨੋਮਾਲ ਨੂੰ ਖਤਰਾ ਸੀ। 9 ਦਿਨਾਂ ਬਾਦ ਕੋਦਰੋਪਾਕਾ ਦੇ ਭੂਮੀਪਤੀ ਦੇ ਗੁੰਡਿਆਂ ਨੇ 'ਮਹਿਲਾ ਸਨਘੰਮ' ਦੀਆਂ ਤਿੰਨ ਸਰਗਰਮ ਮੈਂਬਰਾਂ ਦੇ ਘਰਾਂ ਤੇ ਹਮਲਾ ਕੀਤਾ। 50 ਸਾਲਾ ਰਾਜੱਵਾ ਦਾ ਸੱਤ ਗੁੰਡਿਆਂ ਨੇ ਰੇਪ ਕੀਤਾ।

ਜਨਵਰੀ 13, 1985 ਨੂੰ ਦੋ ਸਬ ਇੰਸਪੈਕਟਰਾਂ ਤੇ ਛੇ ਕਾਨਸਟੇਬਲਾਂ ਨੇ ਸਿਰਸਿਲਾ ਤਾਲੁਕ ਦੇ ਇਕ ਪਿੰਡ ਤੇ ਧਾਵਾ ਬੋਲਿਆ ਤੇ ਉਥੋਂ ਦੇ ਕੁਝ ਮਜ਼ਦੂਰ, ਜੋ ਕਿ ਖੇਤ ਮਜ਼ਦੂਰ ਤੇ ਕੁਲੀ ਯੂਨੀਅਨ ਦੇ ਮੈਂਬਰ ਹਨ, ਦੇ ਘਰ ਹਮਲਾ ਕੀਤਾ ਤੇ ਇਕ ਸਰਗਰਮ ਮੈਂਬਰ ਦੀ 32 ਸਾਲਾ ਪਤਨੀ ਸੱਤੇਮਾ ਨਾਲ ਬਲਾਤਕਾਰ ਕੀਤਾ ਤੇ ਉਸਨੂੰ ਬੁਰੀ ਤਰ੍ਹਾਂ ਜ਼ਖਮੀ ਕੀਤਾ। "ਔਰਤਾਂ ਨੂੰ ਰਾਤ ਵੇਲੇ ਗ੍ਰਿਫ਼ਤਾਰ ਨਹੀਂ ਕੀਤਾ ਜਾਏਗਾ ਤੇ ਔਰਤਾਂ ਕੋਲੋਂ ਪੁੱਛ-ਪੜਤਾਲ ਸੂਰਜ ਛੁਪਣ ਤੋਂ ਬਾਦ ਤੇ ਸੂਰਜ ਚੜ੍ਹਨ ਤੋਂ ਪਹਿਲਾਂ ਨਹੀਂ ਕੀਤੀ ਜਾ ਸਕਦੀ।" ਇਹ ਰੇਪ ਕਾਨੂੰਨ ਵਿਚ ਨਵੀਆਂ ਸੋਧਾਂ ਹਨ ਪਰ ਪੁਲਸ ਨੂੰ ਕੀ, ਉਹ ਤੇ ਆਪ ਕਾਨੂੰਨ ਹੈ!

ਇਸ ਖੇਤਰ ਨੂੰ 'ਡਿਸਟਰਬ ਏਰੀਆ' ਘੋਸ਼ਿਤ ਕਰਨ ਤੋਂ ਪਹਿਲਾਂ ਮਜ਼ਦੂਰ ਜਮਾਤ ਦਾ ਭੂਮੀਪਤੀਆਂ ਵੱਲੋਂ ਸਿੱਧਾ ਸ਼ੋਸ਼ਣ ਸੀ। ਕਾਨੂੰਨ ਪਾਸ ਹੋਣ ਤੋਂ ਬਾਦ ਇਹ ਕੰਮ ਪੁਲਸ ਨੇ ਪੂਰੀ ਤਰ੍ਹਾਂ ਸਾਂਭ ਲਿਆ। ਜੋ ਕੰਮ ਭੂਮੀਪਤੀਆਂ ਦੇ ਪਾਲੇ ਹੋਏ ਗੁੰਡੇ ਕਰਦੇ ਸਨ, ਹੁਣ ਉਹੀ ਕੰਮ ਸਟੇਟ ਦੀ ਪਾਲੀ ਹੋਈ ਪੁਲਸ ਕਰ ਰਹੀ ਹੈ।

ਸਿਰਸਿਲਾ ਤਾਲੁਕ ਵਿਚ 24 ਭੂਮੀਪਤੀ ਹਨ ਜਿਨ੍ਹਾਂ ਕੋਲ 100 ਤੋਂ ਲੈ ਕੇ ਹਜ਼ਾਰਾਂ ਏਕੜ ਭੂਮੀ ਹੈ। ਕੇਂਦਰ ਵਿਚ ਸਰਕਾਰ ਕੋਈ ਵੀ ਹੋਵੇ ਪਰ ਇਨ੍ਹਾਂ ਪਿੰਡਾਂ ਵਿਚ ਭੂਮੀਪਤੀ ਦਾ ਰਾਜ ਹੈ। ਲੋਕਾਂ ਦਾ ਆਰਥਕ, ਸਮਾਜਕ ਤੇ ਰਾਜਸੀ ਸ਼ੋਸ਼ਣ ਇਨ੍ਹਾਂ ਦਾ ਹੱਕ ਹੈ। ਤੇ ਇਸਦੇ ਨਾਲ ਹੀ ਮਨੁੱਖੀ ਸਵੈਅਭਿਮਾਨ ਨਾਲ ਘਿਨੌਣਾ 'ਮਜ਼ਾਕ—ਔਰਤਾਂ ਦਾ ਸੈਕਸੂਅਲ ਸ਼ੋਸ਼ਣ (Sexual exploitation and oppression) ਸੱਤਰਾਂ ਵਿਚ ਜਦੋਂ ਖੇਤ-ਮਜ਼ਦੂਰ ਤੇ ਕੁਲੀ ਯੂਨੀਅਨ ਜ਼ੋਰ ਫੜ ਰਹੀ ਸੀ ਤਾਂ ਮਜ਼ਦੂਰ ਜਮਾਤ ਵਿਚ ਔਰਤਾਂ ਦੇ ਸ਼ੋਸ਼ਣ ਦੀ ਗੱਲ ਪੂਰੀ ਤਰ੍ਹਾਂ ਉਠਾਈ ਗਈ ਤੇ ਇਸ ਨੂੰ ਮੁਕਤੀ ਦੀ ਲੜਾਈ ਦਾ ਪੂਰਾ ਅੰਗ ਸਮਝਿਆ ਗਿਆ। ਇਨ੍ਹਾਂ ਹੀ ਦਿਨਾਂ ਵਿਚ ਇਥੋਂ ਦੇ ਇਕ ਵੱਡੇ ਭੂਮੀਪਤੀ ਜਿਸ ਨੂੰ 'ਗੋਰਾ ਸਾਹਿਬ' ਕਿਹਾ ਜਾਂਦਾ ਸੀ ਤੇ ਜਿਹੜਾ ਹਰ ਮਜ਼ਦੂਰ ਔਰਤ ਨੂੰ ਆਪਣੀ ਅਯਾਸ਼ੀ ਦਾ ਸ਼ਿਕਾਰ ਬਨਾਣਾ ਆਪਣਾ ਹੱਕ ਸਮਝਦਾ ਸੀ, ਦੇ ਵਿਰੁਧ ਲੜਾਈ ਲੜੀ ਗਈ। ਮਜ਼ਦੂਰਾਂ ਨੇ, ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਔਰਤਾਂ ਹੀ ਸਨ,

[ ਸਫ਼ਾ 6 ਤੋਂ ਅੱਗੇ ]

ਪਾਣੀ ਮਿੱਠਾ ਅਮ੍ਰਿਤ ਵਰਗਾ।

ਮੁੰਡਾ : ਅਮ੍ਰਿਤ ਵਰਗਾ ਮਿੱਠਾ ਹੋਵੇ ਜਾਂ ਦਾਰੂ ਵਰਗਾ ਕੌੜਾ। ਮੈਂ ਤਾਂ ਬਸ ਢਾਹ ਦੇਣੈ।

ਬਾਪੂ : ਹੈ ਸਹੁਰਾ ਬੇਵਕੂਫ, ਬਣਿਆ ਕੋਠਾ ਢਾਹ ਦੇਣੈ।

ਮੁੰਡਾ : ਬਾਪੂ ਬੇਵਕੂਫ ਮੈਂ ਨਹੀਂ ਤੂੰ।

ਬਾਪੂ : ਵੇਖ ਲਓ ਜਜਮਾਨੋ, ਮੈਨੂੰ ਬੇਵਕੂਫ ਆਖਦੈ— ਉਹ ਮੁੰਡਿਆ ਮੈਂ ਤੇਰਾ ਪਿਓ ਹਾਂ।

ਮੁੰਡਾ : ਪਿਓ ਹੋਵੇ ਜਾਂ ਮੇਰੀ ਮਾਂ ਦਾ ਖਸਮ ਹੋਵੇਂ। ਕੋਠਾ ਮੈਂ ਢਾਹ ਦੇਣੈਂ।

ਬਾਪੂ : ਪਰ ਪਤਾ ਤਾਂ ਲਗੇ ਕਿਉਂ ਢਾਹ ਦੇਣੈ।

ਮੁੰਡਾ : ਬਸ ਢਾਹ ਦੇਣੈ।

ਬਾਪੂ : ਪਰ ਵਜ੍ਹਾ ਤਾਂ ਪਤਾ ਲੱਗੇ।

ਮੁੰਡਾ : ਜਦੋਂ ਲੱਖੇ ਦੀ ਧੀ ਉਸ ਰਿੱਛ ਵਰਗੇ ਮੁੰਡੇ ਨਾਲ ਨਿਕਲ ਗਈ ਉਹਦੀ ਕੀ ਵਜ੍ਹਾ ਸੀ।

ਬਾਪੂ : ਓਏ ਉਹਦੇ ਤੇ ਤਾਂ ਇਸ਼ਕ ਦਾ ਭੂਤ ਸਵਾਰ ਹੋ ਗਿਆ ਸੀ।

ਮੁੰਡਾ : ਬਸ ਮੇਰੇ ਵੀ ਭੂਤ ਸਵਾਰ ਹੋ ਗਿਐ।

ਬਾਪੂ : ਓਏ ਤੈਨੂੰ ਕਿਹੜਾ ਭੂਤ ਚੰਮੜ ਗਿਆ। ਐਵੇਂ ਟੱਪੀ ਜਾਨਾ ਏਂ।

ਮੁੰਡਾ : ਮੈਨੂੰ ਬਾਪੂ ਅਕਲ ਦਾ ਭੂਤ ਚੰਮੜ ਗਿਆ ਏ।

ਬਾਪੂ : ਪੁਤਾ ਸਾਡੇ ਖਾਨਦਾਨ ਬੜੇ ਬੜੇ ਭੂਤ ਚੰਮੜੇ। ਉਡਣੇ ਭੂਤ, ਟੱਪਣੇ ਭੂਤ, ਰੀਂਗਦੇ ਭੂਤ, ਪਰ ਅਕਲ ਦਾ ਭੂਤ ਤਾਂ ਕਦੀ ਸਾਡੇ ਨੇੜਿਓਂ ਨਾ ਲੰਘਿਆ, ਇਹ ਤੈਨੂੰ ਕਿਸ ਤਰ੍ਹਾਂ ਚੰਮੜ ਗਿਐ।

ਮੁੰਡਾ : ਬਸ ਚੰਮੜ ਗਿਆ।

ਬਾਪੂ : ਫੇਰ ਤਾਂ ਤੈਨੂੰ ਟਿੱਲੇ ਵਾਲੇ ਸਾਧ ਕੋਲ ਲਿਜਾਣਾ ਪਊ।

ਮੁੰਡਾ : ਜਿੱਥੇ ਮਰਜ਼ੀ ਲੈ ਜਾ, ਪਰ ਮੈਂ ਕੋਠਾ ਢਾਹ ਦੇਣੈ।

ਬਾਪੂ : ਉਹ ਬੱਕ ਵੀ ਸਹੀ ਕਿਉਂ ਢਾਹ ਦੇਣੈ।

ਮੁੰਡਾ : ਬਾਪੂ ਇਹ ਕੋਠਾ ਮੇਰੀ ਮਾਂ ਨੇ ਰੀਝਾਂ ਨਾਲ ਬਣਵਾਇਆ ?

ਬਾਪੂ : ਬਣਵਾਇਆ।

ਮੁੰਡਾ: ਕੰਧਾਂ ਤੇ ਮੋਰ ਬਣਾਏ ?

ਬਾਪੂ : ਬਣਾਏ।

ਮੁੰਡਾ : ਦਰਵਾਜੇ ਦੀ ਲਕੜ ਵਧੀਆ ਲਾਈ ?

ਬਾਪੂ : ਲਾਈ।

ਮੁੰਡਾ : ਮਿੱਟੀ ਜੋੜੇ ਵਾਲੇ ਛੱਪੜ ਤੋਂ ਲਿਆਂਦੀ ?

ਬਾਪੂ : ਲਿਆਂਦੀ।

ਮੁੰਡਾ : ਕੋਠੇ ਅੰਦਰ ਨਲਕਾ ਲਾਇਆ ?

ਬਾਪੂ : ਲਾਇਆ।

ਮੁੰਡਾ : ਕੋਠੇ ਉਤੇ ਲੇਪ ਕੀਤਾ ?

ਬਾਪੂ : ਕੀਤਾ।

## ਦੋ ਕਵਿਤਾਵਾਂ/ਗੁਰਜੀਤ

[ਉਹਨਾਂ ਵੱਲੋਂ, ਜਿਨ੍ਹਾਂ ਨੇ ਹੱਕ-ਸੱਚ ਨੂੰ ਜਿਉਂਦਿਆਂ ਰੱਖਣ ਲਈ ਸੂਲਾਂ ਨੂੰ ਆਪਣੀ ਆਰਾਮਗਾਹ ਬਣਾਇਆ...ਮੌਤ ਨੂੰ ਜੋ ਮਖ਼ੌਲਾਂ ਕਰਦੇ ਨੇ]

### ਲੋਕਤਾ ਦੇ ਨਾਂ

ਸਾਡੇ ਮਰਨ ਤੇ ਮਹਿਰਮੋ ਕੋਈ ਗ਼ਮ ਨਾ ਕਰਨਾ
ਰਾਖ 'ਚ ਮਿਲਣ ਤੇ ਸਾਡੇ ਕੋਈ ਆਹ ਨਾ ਭਰਨਾ
ਕਿ ਅਸੀਂ ਲਿਆ ਹੈ ਅਜ਼ਮ
ਮੌਸਮ ਨੂੰ ਖੁਸ਼ਗਵਾਰੀ ਦੇਣ ਦਾ...
ਗ਼ਮ ਨਹੀਂ ਕਿ ਦੇਖ ਸਕੇਗੀ ਨਾ
ਸਮੇਂ ਦੀ ਅੱਖ ਸਾਨੂੰ
ਨਿਕਲੇਗਾ ਸਾਡੇ ਸਿਵਿਆਂ ਚੋਂ ਸੂਰਜ
ਰਾਤਾਂ ਕਾਲੀਆਂ ਨੂੰ ਲਾਲੀ 'ਚ ਭੇਣ ਦਾ
ਸਾਡੇ ਜਾਣ ਤੇ ਦੋਸਤੋ, ਕੋਈ ਹੰਝੂ ਨਾ ਕੇਰਿਓ
ਕਿ ਮੌਤ ਸਾਡਾ ਵਰ ਹੈ
ਹੱਕ-ਸੱਚ ਨੂੰ ਰਾਹਦਾਰੀ ਦੇਣ ਦਾ
ਸਾਡੇ ਮਰਨ ਤੇ ਦੋਸਤੋ
ਕੋਈ ਗ਼ਮ ਨਾ ਕਰਨਾ
ਕਿ ਅਸੀਂ ਲਿਆ ਹੈ ਅਜ਼ਮ
ਮੌਸਮ ਨੂੰ ਖੁਸ਼ਗਵਾਰੀ ਦੇਣ ਦਾ।

o

### ਅਸੀਂ ਤੁਰਨਾ ਹੈ

ਤੁਰਨਾ ਹੈ ਅਸੀਂ; ਤੁਰਦੇ ਹੀ ਜਾਣਾ ਹੈ
ਜਾਬਰ ਰਾਹਾਂ ਦੇ ਕੰਡੇ ਉਖੇੜਦੇ ਜਾਣਾ ਹੈ
ਤੂੰ ਚਾਹੇ ਬੀੜ ਦੇ ਰਾਹਾਂ 'ਚ ਸਾਡੇ
ਪਰਬਤੋਂ ਭਾਰੇ ਨਸ਼ਤਰ
ਅਸੀਂ ਵੀ ਪਾ ਲਈ ਹੈ
ਪੈਰਾਂ 'ਚ ਆਪਣੇ
ਫ਼ੌਲਾਦੀ ਠੋਕਰਾਂ ਦੀ ਮਾਰ
ਚੂਰ ਚੂਰ ਤੇਰੇ ਭਰਮ ਨੂੰ
ਹੁਣ ਕਰਕੇ ਤੁਰਨਾ ਹੈ
ਤੇਰੇ ਨਾਕਿਆਂ ਨੂੰ ਅਸੀਂ ਹੁਣ
ਭੰਨ ਕੇ ਤੁਰਨਾ ਹੈ
ਤੁਰਨਾ ਹੈ ਅਸੀਂ
ਤੇ ਤੁਰਦੇ ਹੀ ਜਾਣਾ ਹੈ
ਬੀੜ ਲੈ ਚਾਹੇ ਤੂੰ
ਰਾਹਾਂ 'ਚ ਸਾਡੇ
ਪਰਬਤੋਂ ਭਾਰੇ ਨਸ਼ਤਰ

o

Registered with the Registrar, News Papers, Vide No. MA/12397-D dated 18.4.80
Post Office No. P/AR—133

ਮੁੰਡਾ : ਪਰ ਲੇਪ ਵਿਚ ਗੋਹਾ ਕਿਸਦੀ ਮੱਝ ਦਾ ਸੀ ?

ਬਾਪੂ : ਮੈਂ ਤਾਂ ਗੋਹੇ ਦੀ ਪੜਤਾਲ ਕੋਈ ਨਹੀਂ ਕੀਤੀ ।

ਮੁੰਡਾ : ਬਾਪੂ ਤੂੰ ਪੜਤਾਲ ਕਰਨੀ ਸੀ ।

ਬਾਪੂ : ਲੈ, ਇਸ ਉਮਰੇ ਮੈਂ ਗੋਹੇ ਪਿਆ ਸੁੰਘਾਂ ਕਿ ਕਿਹੜੀ ਮੱਝ ਦਾ ਸੀ ।

ਮੁੰਡਾ : ਪਰ ਬਾਪੂ ਮੈਂ ਪੜਤਾਲ ਕੀਤੀ ।

ਬਾਪੂ : ਫੇਰ ਕੀ ਨਤੀਜਾ ਕੱਢਿਆ ?

ਮੁੰਡਾ : ਇਹ ਜਗੀਰੇ ਦੀ ਮੱਝ ਦਾ ਸੀ ।

ਬਾਪੂ : ਜਗੀਰੇ ਦੀ ਮੱਝ ਦਾ ? ਫੇਰ ਕੀ ਹੋਇਆ ?

ਮੁੰਡਾ : ਬੜਾ ਕੁਝ ਹੋਇਆ ।

ਬਾਪੂ : ਬੱਕ ਵੀ ਕੀ ਹੋਇਆ ?

ਮੁੰਡਾ : ਇਹ ਜਗੀਰਾ ਉਹੋ ਵੇ, ਜਿੰਨ੍ਹੇ ਪਿਛਲੇ ਤੋਂ ਪਿਛਲੇ ਸਾਲ ਮੈਨੂੰ ਗਾਹਲ ਕੱਢੀ ਸੀ । ਤੇ ਗਾਹਲ ਕੱਢੀ, ਉਹ ਮੇਰਾ ਦੁਸ਼ਮਣ ।

ਬਾਪੂ : ਚਲੋ ਮੰਨ ਲਵੇਂ ਤੇਰਾ ਦੁਸ਼ਮਣ, ਪਰ ਇਹਦਾ ਕੋਠੇ ਨਾਲ ਕੀ ਤੁਅਲਕ ?

ਮੁੰਡਾ : ਤੇ ਦੁਸ਼ਮਣ ਦੀ ਮੱਝ ਦਾ ਗੋਹਾ ਸਾਡੇ ਕੋਠੇ ਲੱਗ ਗਿਆ ।

ਬਾਪੂ : ਫੇਰ ?

ਮੁੰਡਾ : ਇਸੇ ਲਈ ਕੋਠਾ ਢਾਹ ਦੇਣੈ ।

ਬਾਪੂ : ਓਏ ਗੋਹੇ ਕਰਕੇ ਢਾਅ ਦੇਣੈ, ਜਿਸ ਤੇ ਮੇਰੀ ਉਮਰ ਦੀ ਕਮਾਈ ਲੱਗ ਗਈ ।

ਮੁੰਡਾ : ਹਾਹੋ ਢਾਅ ਦੇਣੈ । ਜੇ ਟੋਹੜਾ ਬਣਿਆ ਅਕਾਲ ਤਖ਼ਤ ਢਾਅ ਸਕਦੈ ਤਾਂ ਅਸੀਂ ਇਕ ਮਿੱਟੀ ਦਾ ਕੋਠਾ ਨਹੀਂ ਢਾਅ ਸਕਦੇ । ਅਸੀਂ ਕਿਸੇ ਨਾਲੋਂ ਘੱਟ ਹਾਂ ?

(ਤੇ ਇਕ ਆਕੜ ਵਾਲੇ ਪੋਜ਼ ਵਿਚ ਫਰੀਜ਼ ਹੋ ਜਾਂਦਾ ਹੈ)

ਬਾਪੂ : ਹੈ ਸਹੁਰਾ ਬੇਵਕੂਫ ਅਕਲ ਵੀ ਲਈ ਤਾਂ ਕੀਹਦੇ ਕੋਲੋਂ ਲਈ ? ੦੦

ਬਾਪੂ : ਓ ਪੁੱਤਾ, ਹੁਣ ਉਥੇ ਹੀ ਮਾਂਹ ਦੇ ਆਟੇ ਵਾਂਗੂੰ ਆਕੜਿਆ ਰਹੇਂਗਾ ਕਿ ਅੱਗੋਂ ਵੀ ਬਾਤ ਪਾਏਂਗਾ ? (ਪੁੱਤ ਖੜਾ ਰਹਿੰਦਾ ਏ) ਓਏ ਆਜਾ ਪੁੱਤ—ਅਸੀਂ ਟੋਹੜੇ ਦੀ ਨਕਲ ਥੋੜਾ ਕਰਨੀ ਏ ! ਉਹਦੇ ਕੋਲ ਤਾਂ ਗੁਰਦੁਆਰੇ ਦੀ ਬੜੀ ਭੇਟਾ ਏ, ਅਸੀਂ ਤਾਂ ਬਾਤਾਂ ਦਾ ਖੱਟਿਆ ਹੀ ਖਾਣਾ ਏ । (ਚੱਕਰ ਲਗਾਉਂਦਾ ਏ)

ਮੁੰਡਾ : ਬਾਪੂ ਮੇਰਾ ਜੀ ਕਰਦੈ ।

ਬਾਪੂ : ਕੀ ਜੀ ਕਰਦੈ ?

ਮੁੰਡਾ : ਕਿ ਤੂੰ ਵੱਡਾ ਬੰਦਾ ਬਣ ਜਾਏਂ ।

ਬਾਪੂ : (ਦਰਸ਼ਕਾਂ ਨੂੰ) ਇਹਦਾ ਜੀ ਕਰਦੈ ਮੈਂ ਵੱਡਾ ਬੰਦਾ ਬਣ ਜਾਵਾਂ । ਪੁੱਤਰ ਹੋਵੇ ਤਾਂ ਇਹੋ ਜਿਹਾ ਸਰਵਨ ਪੁੱਤਰ ਹੋਵੇ । (ਪੁੱਤਰ ਨੂੰ)ਫੇਰ ਮੈਂ ਪੈਂਚ ਬਣ ਜਾਵਾਂ ?

ਮੁੰਡਾ : ਪੈਂਚ ਨੂੰ ਤਾਂ ਬਾਪੂ ਕੋਈ ਠਾਣੇ ਨਹੀਂ ਵੜਨ ਦੇਂਦਾ । ਇਸ ਤੋਂ ਵੱਡਾ ਬਣਜਾ ।

ਬਾਪੂ : ਫੇਰ ਮੈਂ ਸਰਪੰਚ ਬਣ ਜਾਵਾਂ ?

ਮੁੰਡਾ : ਸਰਪੰਚ ਵੀ ਬਾਪੂ ਕੋਈ ਔਹਦਾ ਏ ? ਐਵੇਂ ਚੌਧਰੀਆਂ ਵਾਂਗ ਪਿੰਡ ਦੀਆਂ ਗਲੀਆਂ ਗਾਹੋ—ਤੇ ਪਿੱਛੋਂ ਦੀ ਹਰ ਕੋਈ ਆਖੇ 'ਸਾਲਾ ਲੰਡਾ ਸਰਪੰਚ ਬਣੀ ਫਿਰਦਾ ਏ'।

ਬਾਪੂ : ਫੇਰ ਮੈਂ ਐਮ.ਐਲ.ਏ. ਬਣ ਜਾਵਾਂ ?

ਮੁੰਡਾ : ਬਾਪੂ ਐਮ.ਐਲ.ਏ. ਦੀ ਵੀ ਕੋਈ ਇੱਜ਼ਤ ਏ ? ਹਰ ਕੋਈ ਆਖਦੈ ਉਹ ਜਾਂਦੈ ਸਾਲਾ ਦਲ-ਬਦਲੂ—ਭੈਣਜੀਆਂ ਦੀਆਂ ਬਦਲੀਆਂ ਦੇ ਸੌਦੇ ਕਰਵਾਉਣ ਵਾਲਾ ।

ਬਾਪੂ : ਫੇਰ ਮੈਂ ਮੰਤਰੀ ਬਣ ਜਾਵਾਂ ?

ਮੁੰਡਾ : ਨਾ ਬਾਪੂ, ਝੰਡੀ ਵਾਲੀ ਕਾਰ ਦੇ ਸਿਵਾ ਮੰਤਰੀ ਕੋਲ ਕਿਹੜੀ ਤਾਕਤ ਏ ?

ਬਾਪੂ : ਨਾ ਫੇਰ ਮੈਂ ਮੁੱਖ ਮੰਤਰੀ ਬਣ ਜਾਵਾਂ ।

ਮੁੰਡਾ : ਤਾਂ ਜੋ ਕੇਂਦਰ ਵਾਲੇ ਜਦੋਂ ਮਰਜ਼ੀ ਆਵੇ ਕੰਨੋ ਪਕੜ ਕੇ ਗੱਦੀਉਂ ਲਾਹ ਦੇਣ ।

ਬਾਪੂ : ਨਾ ਫੇਰ ਮੈਂ ਕੇਂਦਰੀ ਮੰਤਰੀ ਬਣ ਜਾਵਾਂ ?

ਮੁੰਡਾ : ਨਾ ਬਾਪੂ ਉਹ ਕੁਝ ਨਹੀਂ । ਦਿੱਲੀ ਬੈਠਾ ਖੱਬੀ-ਖਾਨ, ਆਪਣੇ ਸੂਬੇ ਨੂੰ ਸ਼ਾਨ ।

ਬਾਪੂ : ਨਾ ਫੇਰ ਮੈਂ ਰਾਸ਼ਟਰਪਤੀ ਹੀ ਬਣ ਜਾਵਾਂ ?

ਮੁੰਡਾ : ਨਾ ਬਾਪੂ, ਉਥੇ ਤਾਂ ਆਪਣਾ ਗਿਆਨੀ ਬੈਠਾ ਏ ।
ਐਚਕਨ ਤੇ ਫੁੱਲ ਲਾ ਕੇ ਬੱਘੀ ਸਵਾਰ ।
ਬੀਬੀ ਜੇ ਆਖੇ ਝਾੜੂ ਲਈ ਤਿਆਰ ।
ਤੂੰ ਬਾਪੂ ਥੋੜਾ ਜਿਹਾ ਥੱਲੇ ਆ ਜਾ ।

ਬਾਪੂ : ਫੇਰ ਮੈਂ ਪ੍ਰਧਾਨ ਮੰਤਰੀ ਬਣ ਜਾਵਾਂ ?

ਮੁੰਡਾ : ਹਾਂ ਬਾਪੂ, ਹੁਣ ਤੂੰ ਟਿਕਾਣੇ ਆਇਆਂ ।

ਬਾਪੂ : (ਦਰਸ਼ਕਾਂ ਨੂੰ) ਪੁੱਤ ਹੋਵੇ ਤਾਂ ਇਹੋ ਜਿਹਾ ਖੈਰ-ਖਾਹ, ਜਿਹੜਾ ਅਪਣੇ ਪਿਓ ਨੂੰ ਪ੍ਰਧਾਨ ਮੰਤਰੀ ਬਣਾਉਂਦਾ ਏ । (ਪੁੱਤਰ ਨੂੰ) ਲੈ ਪੁੱਤਾ ਮੈਂ ਪ੍ਰਧਾਨ ਮੰਤਰੀ ਬਣ ਗਿਆ ।

ਮੁੰਡਾ : ਬਾਪੂ ਤੂੰ ਪ੍ਰਧਾਨ ਮੰਤਰੀ ਬਣ ਗਿਆ ?

ਬਾਪੂ : ਬਣ ਗਿਆ । (ਦੋ ਤਿੰਨ ਵਾਰ)

ਮੁੰਡਾ : ਹੁਣ ਤੂੰ ਮਰ ਜਾ ।

ਬਾਪੂ : ਦੂਰ ਫਿੱਟੇ ਮੂੰਹ, ਪਿਓ ਨੂੰ ਕਹਿੰਦਾ ਏ ਮਰ ਜਾ ।

ਮੁੰਡਾ : ਬਾਪੂ ਤੂੰ ਮਰੇਂਗਾ ਤਾਂਹੀ ਤਾਂ ਮੈਂ ਪ੍ਰਧਾਨ ਮੰਤਰੀ ਬਣਾਂਗਾ ।

(ਪ੍ਰਧਾਨ ਮੰਤਰੀ ਦੇ ਪੋਜ਼ ਵਿਚ ਆਕੜਕੇ ਫਰੀਜ਼ ਹੋ ਜਾਂਦਾ ਹੈ)

ਬਾਪੂ : ਹੈ ਸਹੁਰਾ ਇੰਦਰਾ ਗਾਂਧੀ ਦੀ ਉਲਾਦ
(ਪੁੱਤਰ ਨੂੰ ਮਾਰਨ ਲਈ ਦੌੜਦਾ ਹੈ । ਪੁਤ ਅੱਗੇ ਅੱਗੇ ਤੇ ਬਾਪੂ ਪਿੱਛੇ ਪਿੱਛੇ ਮੰਚ ਤੋਂ ਬਾਹਰ ਹੋ ਜਾਂਦੇ ਹਨ) ੦੦